## 1. ਲਿਪੀ ਤੋਂ ਕੀ ਭਾਵ ਹੈ? ਲਿਪੀ ਦੀ ਪਰਿਭਾਸ਼ਾ ਦਿਓ।

ਭਾਸ਼ਾ ਮਨੁੱਖੀ ਸੰਚਾਰ ਦਾ ਸਭ ਤੋਂ ਸਰਲ ਅਤੇ ਮਹੱਤਵਪੂਰਨ ਜ਼ਰੀਆ ਹੈ। ਮਨੁੱਖ ਜਦੋਂ ਸੰਚਾਰਮੁਖੀ ਧੁਨੀਆਂ ਦਾ ਉਚਾਰਨ ਵਿਸ਼ੇਸ਼ ਵਿਆਕਰਨਕ ਨਿਯਮਾਂ ਦੇ ਅਧੀਨ ਕਰਦਾ ਹੈ ਤਾਂ ਇਹ ਨਿਯਮਿਤ ਉਚਾਰ ਭਾਸ਼ਾ ਦਾ ਉਤਪਾਦਨ ਕਰਦੇ ਹਨ। ਕਿਸ ਭਾਸ਼ਾ ਵਿਚ ਧੁਨੀਆਂ ਦਾ ਸੰਬੰਧ ਉਚਾਰਨ ਨਾਲ ਹੁੰਦਾ ਹੈ। ਪਰ ਜਦੋਂ ਇਨ੍ਹਾਂ ਧੁਨੀਆਂ ਨੂੰ ਲਿਖਤੀ ਰੂਪ ਦਿੱਤਾ ਜਾਂਦਾ ਹੈ ਤਾਂ ਉਸ ਲਈ ਚਿੰਨ੍ਹਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਨ੍ਹਾਂ ਚਿੰਨ੍ਹਾਂ ਦੇ ਸਮੂਹ ਨੂੰ ਹੀ ਲਿਪੀ ਕਿਹਾ ਜਾਂਦਾ ਹੈ। ਇਸ ਤਰ੍ਹਾਂ ਲਿਪੀ ਤੋਂ ਭਾਵ ਕਿਸੇ ਬੋਲੀ ਜਾਂ ਭਾਸ਼ਾ ਨੂੰ ਲਿਖਤੀ ਰੂਪ ਵਿਚ ਪ੍ਰਗਟਾਉਣ ਦੀ ਵਿਧੀ ਹੈ। **ਪ੍ਰੋ. ਬ੍ਰਹਮਜਗਦੀਸ਼** ਅਨੁਸਾਰ, *''ਲਿਪੀ ਦੇ ਮਾਧਿਆਮ ਦੁਆਰਾ ਉਚਰਿਤ ਧੁਨੀਆਂ ਦਾ ਅੰਕਣ ਕੀਤਾ ਜਾਂਦਾ ਹੈ।''* ਇਸੇ ਤਰ੍ਹਾਂ ਲਿਪੀ ਦੀ ਪਰਿਭਾਸ਼ਾ ਕਰਦਿਆਂ **ਬੂਟਾ ਸਿੰਘ ਬਰਾੜ** ਲਿਖਦਾ ਹੈ,

> *''ਲਿਖਤੀ ਮਾਧਿਆਮ ਦਾ ਆਧਾਰ ਲਿਪੀ ਹੈ। ਬੋਲਾਂ ਨੂੰ ਲਿਖਤ ਵਿਚ ਢਾਲਣ ਲਈ ਵਰਤੇ ਜਾਂਦੇ ਚਿੰਨ੍ਹਾਂ ਦੇ ਸਮੂਹ ਨੂੰ ਲਿਪੀ ਕਿਹਾ ਜਾਂਦਾ ਹੈ।''*

**ਡਾ. ਰਤਨ ਸਿੰਘ ਜੱਗੀ** ਦੇ ਸ਼ਬਦਾਂ ਵਿੱਚ,

> *''ਲਿਪੀ ਕਿਸੇ ਵਰਨਵਾਮਾਲ਼ਾ ਦੇ ਉਸ ਸਮੂਹ ਜਾਂ ਲਿਖਣ ਢੰਗ ਨੂੰ ਆਖਦੇ ਹਨ ਜਿਸ ਰਾਹੀਂ ਕੋਈ ਭਾਸ਼ਾ ਲਿਖਤੀ ਰੂਪ ਵਿੱਚ ਲਿਆਈ ਜਾਂਦੀ ਹੈ। ਲਿਪੀ ਭਾਸ਼ਾ ਤੋਂ ਬਾਅਦ ਦੀ ਉਪਜ ਹੈ।''*

ਸਦੀਆਂ ਤੱਕ ਮਨੁੱਖ ਮੌਖਿਕ ਭਾਸ਼ਾ ਦਾ ਹੀ ਇਸਤੇਮਾਲ ਕਰਦਾ ਰਿਹਾ। ਭਾਸ਼ਾ ਵਾਂਗ ਲਿਪੀ ਦਾ ਜਨਮ ਵੀ ਮਨੁੱਖ ਦੇ ਸਮਾਜਿਕ ਸੰਪਰਕ ਦੀਆਂ ਲੋੜਾਂ ਕਾਰਨ ਹੀ ਹੋਇਆ। ਹਰ ਭਾਸ਼ਾ ਦੇ ਲਿਖਤੀ ਰੂਪ ਲਈ ਕਿਸੇ ਵਿਸ਼ੇਸ਼ ਲਿਪੀ ਦੀ ਵਰਤੋਂ ਕੀਤੀ ਜਾਂਦੀ ਹੈ। ਜਿਸ ਤਰ੍ਹਾਂ ਹਿੰਦੀ ਭਾਸ਼ਾ ਲਈ ਦੇਵਨਾਗਰੀ, ਉਰਦੂ ਭਾਸ਼ਾ ਲਈ ਫ਼ਾਰਸੀ, ਅੰਗਰੇਜ਼ੀ ਭਾਸ਼ਾ ਲਈ ਰੋਮਨ ਅਤੇ ਪੰਜਾਬੀ ਭਾਸ਼ਾ ਲਈ ਗੁਰਮੁਖੀ ਲਿਪੀ ਦੀ ਵਰਤੋਂ ਕੀਤੀ ਜਾਂਦੀ ਹੈ। ਲਿਪੀ ਦੇ ਚਿੰਨ੍ਹਾਂ ਨੂੰ ਗਰਾਫੀਮ (Grapheme) ਜਾਂ ਲਿਪਾਂਕ ਕਿਹਾ ਜਾਂਦਾ ਹੈ। ਲਿਪਾਂਕ ਲਿਪੀ ਦਾ ਛੋਟੇ ਤੋਂ ਛੋਟਾ ਅੰਗ ਜਾਂ ਇਕਾਈ ਹੁੰਦਾ ਹੈ।

## 2. ਆਰੰਭਿਕ ਲਿਪੀਆਂ ਜਾਂ ਲਿਪੀ ਦੇ ਪ੍ਰਾਚੀਨ ਰੂਪਾਂ ਬਾਰੇ ਚਰਚਾ ਕਰੋ।

ਪਹਿਲੋਂ-ਪਹਿਲ ਮਨੁੱਖਾਂ ਨੇ ਆਪਸੀ ਸੰਚਾਰ ਦੀਆਂ ਲੋੜਾਂ ਦੀ ਪੂਰਤੀ ਲਈ ਭਾਸ਼ਾ ਦਾ ਈਜਾਦ ਕੀਤਾ। ਭਾਸ਼ਾ ਰਾਹੀਂ ਵਿਅਕਤ ਕੀਤੇ ਖਿਆਲਾਂ ਨੂੰ ਸੰਭਾਲੀ ਰੱਖਣ ਦੀ ਲੋੜ ਨੂੰ ਜਦ ਮਨੁੱਖ ਨੇ ਮਹਿਸੂਸ ਕੀਤਾ, ਤਦ ਉਸ ਨੇ ਲਿਪੀ ਦੀ ਖੋਜ ਸ਼ੁਰੂ ਕੀਤੀ। ਦੂਜੇ ਪਾਸੇ ਭਾਸ਼ਾ ਵਾਂਗ ਹੀ ਲਿਪੀ ਵੀ ਸਮਾਜਿਕ ਲੋੜ ਵਿਚੋਂ ਪੈਦਾ ਹੋਈ। ਸ਼ੁਰੂ-ਸ਼ੁਰੂ ਵਿਚ ਜਦੋਂ ਸੁਨੇਹੇ, ਪੈਗ਼ਾਮ ਭੇਜਣ ਦੀ ਲੋੜ ਪਈ ਤਾਂ ਉਸਨੇ ਪ੍ਰਤੀਕਾਂ (ਚਿੰਨ੍ਹਾਂ) ਰਾਹੀਂ ਸੁਨੇਹੇ ਭੇਜਣ ਦਾ ਸਿਲਸਿਲਾ ਆਰੰਭ ਕੀਤਾ। ਸੂਤਰਾਂ, ਧਾਗਿਆਂ ਤੇ ਰੱਸੀਆਂ ਨੂੰ ਗੰਢਾਂ ਮਾਰ ਕੇ ਵੀ ਸੰਦੇਸ਼ ਭੇਜਣੇ ਸ਼ੁਰੂ ਹੋਏ। ਇਸ ਨੂੰ ਸੂਤਰਕ ਜਾਂ ਗੰਢ ਲਿਪੀ ਕਿਹਾ ਜਾਂਦਾ ਹੈ। ਗੰਢ ਲਿਪੀ ਤੋਂ ਬਾਅਦ ਤਾਮਰ-ਯੁੱਗ ਦੀਆਂ ਸਭਿਆਤਾਵਾਂ ਵਿਚ ਪਹਿਲਾਂ-ਪਹਿਲ ਮੂਰਤੀਮਾਨ ਲਿਪੀ ਜਾਂ ਚਿਤਰ ਲਿਪੀ ਦਾ ਜਨਮ ਹੋਇਆ। ਜਿਸ ਤਰ੍ਹਾਂ ਮਿਸਰ ਦੇਸ਼ ਦੀ ਹੀਰੋਗਲਿਫ (Hieroglyphic Script) ਸੀ। ਤਸਵੀਰਾਂ ਦੀ ਸਹਾਇਤਾ ਨਾਲ ਕਿਸੇ ਖਿਆਲ ਨੂੰ ਪ੍ਰਗਟ ਕੀਤਾ ਜਾਂਦਾ ਸੀ। ਇਸ ਉਪਰੰਤ ਚਿਤਰ ਲਿਪੀ ਦੇ ਨਿਖਰੇ ਹੋਏ ਰੂਪ ਭਾਵ ਲਿਪੀ ਦਾ ਪ੍ਰਚਲਨ ਹੋਇਆ। ਇਸ ਲਿਪੀ ਰਾਹੀਂ ਮਨੁੱਖ ਦੇ ਭਾਵਾਂ ਨੂੰ ਵਿਅਕਤ ਕੀਤਾ ਜਾਂਦਾ ਸੀ। ਜੇ ਕਿਸੇ ਨੇ ਦੁੱਖ ਦੇ ਭਾਵ ਨੂੰ ਪ੍ਰਗਟ ਕਰਨਾ ਹੁੰਦਾ ਸੀ ਤਾਂ ਅੱਖ ਵਿਚੋਂ ਡਿੱਗਦੇ ਹੰਝੂ ਦੀ ਤਸਵੀਰ ਬਣਾਈ ਜਾਂਦੀ ਸੀ। ਇਹ ਚਿੰਨ੍ਹ ਜਾਂ ਚਿਤਰ ਕਿਸੇ ਖ਼ਿਆਲ ਜਾਂ ਭਾਵ ਨੂੰ ਤਾਂ ਪ੍ਰਗਟ ਕਰਦੇ ਸਨ ਪਰੰਤੂ ਇਨ੍ਹਾਂ ਰਾਹੀਂ ਕਿਸੇ ਆਵਾਜ਼ ਨੂੰ ਪ੍ਰਗਟ ਕਰਨਾ ਅਸੰਭਵ ਸੀ। ਸੋ ਹੌਲੀ-ਹੌਲੀ ਮਨੁੱਖੀ ਬੁੱਧੀ, ਚੇਤਨਾ ਅਤੇ ਉਸਦੀ ਮਿਹਨਤ ਸਦਕਾ ਵਰਤਮਾਨ ਧੁਨੀ ਲਿਪੀ ਪ੍ਰਥਾ ਦਾ ਜਨਮ ਹੋਇਆ। ਸੰਸਾਰ ਦੀਆਂ ਲਿਪੀਆਂ ਨੂੰ ਹੇਠ-ਲਿਖਿਤ ਚਾਰ ਪਰਿਵਾਰਾਂ ਵਿੱਚ ਵੰਡਿਆ ਗਿਆ ਹੈ :-

- ✓ ਯੂਨਾਨੀ-ਰੋਮਨ ਪਰਿਵਾਰ
- ✓ ਸਾਮੀ-ਅਰਬੀ ਪਰਿਵਾਰ
- ✓ ਬ੍ਰਹਮੀ ਪਰਿਵਾਰ
- ✓ ਚੀਨੀ ਪਰਿਵਾਰ

ਬਹੁਤੀਆਂ ਭਾਰਤੀ ਲਿਪੀਆਂ ਦਾ ਸੰਬੰਧ ਬ੍ਰਹਮੀ ਪਰਿਵਾਰ ਨਾਲ਼ ਹੀ ਹੈ। ਇਹ ਲਿਪੀ ਮੋਰੀਆ ਕਾਲ ਤੱਕ ਪੂਰਨ ਰੂਪ ਵਿੱਚ ਵਿਕਸਿਤ ਹੋ ਚੁੱਕੀ ਸੀ। ਦੇਵਨਾਗਰੀ ਅਤੇ ਗੁਰਮੁਖੀ ਲਿਪੀ ਇਸੇ ਲਿਪੀ ਵਿੱਚੋਂ ਨਿਕਲੀਆਂ ਹਨ। ਇਹ ਲਿਪੀ ਖੱਬਿਓਂ ਸੱਜੇ ਵੱਲ ਲਿਖੀ ਜਾਂਦੀ ਹੈ। ਇਸ ਤੋਂ ਉਲਟ ਸੱਜਿਓਂ ਖੱਬੇ ਵੱਲ ਲਿਖਣ ਵਾਲ਼ੀ ਭਾਰਤ ਦੀ ਇੱਕ ਹੋਰ ਪ੍ਰਾਚੀਨ ਲਿਪੀ ਖਰੋਸ਼ਠੀ ਸੀ। ਇਸ ਦਾ ਰਿਵਾਜ਼ ਕੇਵਲ ਪੱਛਮੀ-ਉੱਤਰੀ ਭਾਰਤ ਵਿੱਚ ਹੀ ਸੀ। ਪਰੰਤੂ ਅੱਜ-ਕੱਲ੍ਹ ਇਹ ਲਿਪੀ ਲੋਪ ਹੋ ਚੁੱਕੀ ਹੈ।

**3. ਗੁਰਮੁਖੀ ਲਿਪੀ ਦੇ ਪਿਛੋਕੜ ਬਾਰੇ ਸੰਖੇਪ ਵਿਚ ਚਰਚਾ ਕਰੋ।**

**ਜਾਂ**

**3. ਦੱਸੋ ਕਿ ਗੁਰਮੁਖੀ ਤੋਂ ਪਹਿਲਾਂ ਉੱਤਰੀ ਭਾਰਤ ਵਿਚ ਕਿਹੜੀਆਂ ਲਿਪੀਆਂ ਪ੍ਰਚਲਿਤ ਸਨ।**

**ਜਾਂ**

**3. ਪੁਰਾਤਨ ਭਾਰਤੀ ਲਿਪੀਆਂ ਬਾਰੇ ਜਾਣਕਾਰੀ ਦਿਓ।**

ਗੁਰਮੁਖੀ ਲਿਪੀ ਤੋਂ ਪਹਿਲਾਂ ਉੱਤਰੀ ਭਾਰਤ ਵਿਚ ਜੋ ਲਿਪੀਆਂ ਪ੍ਰਚਲਿਤ ਸਨ ਉਨ੍ਹਾਂ ਵਿਚੋਂ ਸਭ ਤੋਂ ਪੁਰਾਣੀ ਲਿਪੀ **ਬ੍ਰਹਮੀ** ਹੈ। ਅੱਜ ਤੋਂ ਹਜ਼ਾਰਾਂ ਸਾਲ ਪਹਿਲਾਂ ਭਾਰਤ ਵਿਚ 'ਬ੍ਰਹਮੀ' ਅਤੇ 'ਖ਼ਰੋਸ਼ਠੀ' ਸ਼ਬਦ-ਮੂਲਕ ਲਿਪੀਆਂ ਦਾ ਬੋਲਬਾਲਾ ਸੀ। ਇਨ੍ਹਾਂ ਦਾ ਮੂਰਤੀਮਾਨ ਲਿਪੀਆਂ ਨਾਲ ਕੋਈ ਸੰਬੰਧ ਨਹੀਂ ਸੀ। ਖੋਜ ਕਰਨ ਤੋਂ ਪਤਾ ਲਗਦਾ ਹੈ ਕਿ ਇਹ ਦੋਵੇਂ ਸ਼ਬਦ-ਮੂਲਕ ਲਿਪੀਆਂ ਫ਼ਿਨੀਸ਼ੀਅਨ ਲੋਕਾਂ ਦੀ ਦੇਣ ਸਨ। ਫ਼ਿਨੀਸ਼ੀਅਨ ਲੋਕ ਸੌਦਾਗਰ ਸਨ ਜਿਨ੍ਹਾਂ ਦਾ ਮੁੱਖ ਕੰਦਰ ਬਿਬਲੂਸ (Byblus), ਸਿਡਨ (Sidon) ਅਤੇ ਤਾਇਰ (Tyre) ਦੀਆਂ ਬੰਦਰਗਾਹਾਂ ਸਨ। ਭਾਰਤ ਦੇ ਵਪਾਰੀ ਫ਼ਿਨੀਸ਼ੀਅਨਾਂ ਨਾਲ ਵਪਾਰਿਕ ਸੰਬੰਧ ਰੱਖਦੇ ਸਨ ਅਤੇ ਇਨ੍ਹਾਂ ਲੋਕਾਂ ਦੀ ਫ਼ਿਨੀਸ਼ੀਅਨ ਲਿਪੀ ਪਾਸੋਂ ਹੀ ਇਹ ਵਪਾਰੀ ਭਾਰਤ ਵਿਚ ਲਿਪੀ ਲੈ ਕੇ ਆਏ ਅਤੇ ਇਸ ਲਿਪੀ ਨੂੰ ਆਧਾਰ ਬਣਾ ਕੇ ਬ੍ਰਹਮੀ ਲਿਪੀ ਪੈਦਾ ਕੀਤੀ ਗਈ। ਫ਼ਿਨੀਸ਼ੀਅਨ ਲੋਕਾਂ ਦੀ ਸਭ ਤੋਂ ਵੱਡੀ ਦੇਣ ਇਹ ਸੀ ਕਿ ਇਨ੍ਹਾਂ ਨੇ 22 ਅੱਖਰਾਂ ਦੀ ਇਕ ਸ਼ਬਦ-ਮੂਲਕ ਲਿਪੀ ਬਣਾਈ ਅਤੇ ਇਸਨੂੰ ਆਪਣੇ ਨਾਲ ਵਪਾਰ ਕਰਨ ਵਾਲੇ ਸਾਰੇ ਦੇਸ਼ਾਂ ਦੇ ਵਪਾਰੀਆਂ ਵਿਚ ਫੈਲਾਇਆ। ਭਾਰਤੀ ਵਪਾਰੀਆਂ ਨੇ ਅੱਜ ਤੋਂ ਕੋਈ 2700 ਵਰ੍ਹੇ ਪਹਿਲਾਂ ਫ਼ਿਨੀਸ਼ੀਅਨ ਲਿਪੀ ਤੋਂ 16 ਕੁ ਅੱਖਰ ਲਏ। ਅੱਗੋਂ ਸੰਸਕ੍ਰਿਤ ਦੇ ਵਿਆਕਰਣੀਆਂ ਨੇ ਇਨ੍ਹਾਂ ਸੋਲ਼ਾਂ ਅੱਖਰਾਂ ਨੂੰ ਵਧਾ ਸੰਵਾਰ ਕੇ 'ਬ੍ਰਹਮੀ' ਲਿਪੀ ਤਿਆਰ ਕੀਤੀ।

ਅੱਜ ਤੋਂ 2300 ਜਾਂ 2400 ਵਰ੍ਹੇ ਪਹਿਲਾਂ **ਪਾਣਿਨੀ** ਨੇ *'ਅਸ਼ਟਾਧਿਆਇ'* ਨਾਂ ਦਾ ਵਿਆਕਰਣ ਤਿਆਰ ਕੀਤਾ ਜਿਸ ਵਿਚ ਸੰਸਕ੍ਰਿਤ ਦੇ ਸਵਰਾਂ ਤੇ ਵਿਅੰਜਨਾਂ ਜਾਂ ਸੰਸਕ੍ਰਿਤ ਦੀਆਂ ਮੂਲ ਧੁਨੀਆਂ ਦਾ ਨਿਖੇੜਾ ਕੀਤਾ ਗਿਆ। ਪਰ ਇਸ ਵਿਚ ਲਿਖਤ ਸੰਬੰਧੀ ਕੋਈ ਇਸ਼ਾਰਾ ਨਹੀਂ ਕੀਤਾ ਮਿਲਦਾ। ਸਵਰਾਂ ਅਤੇ ਵਿਅੰਜਨਾਂ ਦੀ ਉਚਾਰਨ ਸਥਾਨ ਅਨੁਸਾਰ ਵਰਗ-ਵੰਡ ਹੋ ਜਾਣ ਉਪਰੰਤ ਜਦੋਂ ਹਿੰਦ ਦੇ ਵਪਾਰੀ ਇਨ੍ਹਾਂ ਦੇ ਪ੍ਰਗਟਾਵੇ ਲਈ ਲਿਖਤੀ ਚਿੰਨ੍ਹ ਲੈ ਕੇ ਆਏ ਤਦ ਵਿਦਵਾਨਾਂ ਨੇ ਇਨ੍ਹਾਂ ਨੂੰ ਅਪਣਾ ਕੇ ਇਕ ਪੂਰਨ ਤੇ ਵਿਗਿਆਨਕ ਵਰਣਮਾਲਾ ਜਾਂ ਲਿਪੀ ਪੈਦਾ ਕਰ ਲਈ। ਇਸੇ ਲਿਪੀ ਨੂੰ ਪਿੱਛੋਂ 'ਬ੍ਰਹਮੀ' ਦਾ ਨਾਂ ਦਿੱਤਾ ਗਿਆ। ਬ੍ਰਹਮਾ ਸਾਰੀ ਸ੍ਰਿਸ਼ਟੀ ਦਾ ਕਰਤਾ ਹੈ ਅਤੇ ਬ੍ਰਹਮਾ ਦੇ 'ਕਰਨ ਦੀ ਸ਼ਕਤੀ' ਬ੍ਰਹਮੀ ਹੈ ਜੋ ਵਿਦਿਆ ਪੈਦਾ ਕਰਦੀ ਹੈ। ਇਸ ਉਪਰੰਤ ਬ੍ਰਹਮੀ ਲਿਪੀ ਦੇ ਵੱਖ-ਵੱਖ ਇਲਾਕਿਆਂ ਵਿਚ ਕਈ ਭੇਦ ਬਣ ਗਏ। ਜਦ ਬ੍ਰਹਮੀ ਲਿਪੀ ਮੋਰੀਆ ਯੁੱਗ ਵਿਚ ਦਾਖ਼ਲ ਹੁੰਦੀ ਹੈ ਤਾਂ ਗੁਪਤ ਰਾਜਿਆਂ ਦੇ ਸਮੇਂ **ਗੁਪਤ ਲਿਪੀ** ਪ੍ਰਚਲਿਤ ਹੋਈ। ਬ੍ਰਹਮੀ ਲਿਪੀ ਦਾ ਰੂਪ ਵੱਖਰੀਆਂ-ਵੱਖਰੀਆਂ ਥਾਵਾਂ 'ਤੇ ਵੱਖਰਾ-ਵੱਖਰਾ ਬਣਦਾ

ਗਿਆ। ਜਿਸ ਕਰਕੇ ਲਿਪੀਆਂ ਇਕ ਦੂਸਰੀ ਤੋਂ ਭਿੰਨ ਜਾਪਣ ਲੱਗੀਆਂ। ਇਸ ਤਰ੍ਹਾਂ ਬ੍ਰਹਮੀ ਲਿਪੀ ਤੋਂ ਸਾਰੇ ਭਾਰਤਵਰਸ਼ ਵਿਚ 12 ਦੇ ਕਰੀਬ ਲਿਪੀਆਂ ਬਣ ਗਈਆਂ। ਸੱਤਵੀਂ ਸਦੀ ਵਿਚ ਗੁਪਤ-ਬ੍ਰਹਮੀ ਲਿਪੀ ਵਿਚੋਂ ਹੀ ਉੱਤਰੀ ਭਾਰਤ ਵਿਚ ਸਿੱਧ ਮਾਤ੍ਰਿਕਾ, ਕੁਟਿਲ, ਸ਼ਾਰਦਾ, ਨਾਗਰੀ, ਟਾਕਰੀ, ਲੰਡੇ (ਮਹਾਜਨੀ), ਦੇਵਨਾਗਰੀ, ਗੁਰਮੁਖੀ ਅਤੇ ਦੱਖਣੀ ਲਿਪੀਆਂ ਉਤਪੰਨ ਹੋਈਆਂ।

**4. ਗੁਰਮੁਖੀ ਲਿਪੀ ਦੇ ਨਿਕਾਸ ਬਾਰੇ ਪ੍ਰਮਾਣ ਸਹਿਤ ਚਰਚਾ ਕਰੋ।**

ਪੰਜਾਬ ਵਿਚ ਪ੍ਰਚਲਿਤ ਲਿਪੀ ਗੁਰਮੁਖੀ ਬ੍ਰਹਮੀ ਲਿਪੀ ਵਿਚੋਂ ਪੈਦਾ ਹੋਈ ਹੈ। ਇਹ ਮੰਨਿਆ ਜਾਂਦਾ ਹੈ ਕਿ ਬ੍ਰਹਮੀ ਲਿਪੀ ਤੋਂ ਗੁਪਤ ਲਿਪੀ ਤੇ ਕੁਟਿਲ ਲਿਪੀਆਂ ਦੇ ਅੱਖਰ ਬਣੇ। ਬਾਅਦ ਵਿਚ ਪੰਜਾਬ ਦੀਆਂ ਹੋਰ ਲਿਪੀਆਂ ਸਾਰਦਾ, ਟਾਕਰੀ ਅਤੇ ਗੁਰਮੁਖੀ ਦਾ ਵਿਕਾਸ ਹੋਇਆ। ਕੁਝ ਲੋਕ ਗੁਰਮੁਖੀ ਨੂੰ ਸਿੱਖ ਗੁਰੂਆਂ ਨਾਲ ਜੋੜਦੇ ਮੰਨਦੇ ਹਨ ਕਿ ਗੁਰਮੁਖੀ ਨੂੰ ਗੁਰੂ ਨਾਨਕ ਦੇਵ ਜੀ ਜਾਂ ਗੁਰੂ ਅੰਗਦ ਦੇਵ ਜੀ ਨੇ ਬਣਾਇਆ। ਪਰੰਤੂ ਵਿਦਵਾਨਾਂ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਗੁਰਮੁਖੀ ਦੇ ਅੱਖਰ ਗੁਰੂ ਸਾਹਿਬਾਨ ਤੋਂ ਪਹਿਲਾਂ ਹੀ ਪੰਜਾਬ ਵਿਚ ਪ੍ਰਚਲਿਤ ਹੋ ਚੁੱਕੇ ਸਨ। ਜੀ. ਬੀ. ਸਿੰਘ ਨੇ ਪੁਰਾਣੀਆਂ ਪੰਜਾਬੀ ਲਿਖਤਾਂ ਦਾ ਹਵਾਲਾ ਦੇ ਕੇ ਇਹ ਸਿੱਧ ਕਰ ਦਿੱਤਾ ਹੈ ਕਿ ਗੁਰਮੁਖੀ ਦੇ ਅੱਖਰ ਬਹੁਤ ਪੁਰਾਣੇ ਹਨ। ਗੁਰਮੁਖੀ ਨਾਂ ਭਾਵੇਂ ਚਾਰ-ਪੰਜ ਸੌ ਸਾਲ ਪੁਰਾਣਾ ਨਹੀਂ ਪਰੰਤੂ ਦੂਜੀਆਂ ਭਾਰਤੀ ਲਿਪੀਆਂ ਵਾਂਗ ਗੁਰਮੁਖੀ ਵੀ ਬ੍ਰਹਮੀ ਵਿਚੋਂ ਨਿਕਲੀ ਹੈ। ਗੁਰਮੁਖੀ ਦਾ ਆਪਣੀਆਂ ਸਮਕਾਲੀ ਲਿਪੀਆਂ ਨਾਲ ਗੂੜ੍ਹਾ ਸੰਬੰਧ ਹੈ। ਗੁਰਮੁਖੀ ਦੇ 7 ਅੱਖਰ ਸ਼ਾਰਦਾ ਨਾਲ ਮਿਲਦੇ ਹਨ, 12 ਕਾਫ਼ੀ ਹੱਦ ਤੱਕ ਮਿਲਦੇ ਹਨ। ਟਾਕਰੀ ਦੇ ਗੁਰਮੁਖੀ ਨਾਲ 15 ਅੱਖਰ ਸਾਂਝੇ ਹਨ ਅਤੇ 5 ਕਾਫ਼ੀ ਮਿਲਦੇ ਹਨ। ਜਿਹੜੇ ਅੱਖਰ ਟਾਕਰੀ ਤੇ ਸ਼ਾਰਦਾ ਨਾਲ ਨਹੀਂ ਮਿਲਦੇ ਉਹ ਲੰਡੇ-ਮਹਾਜਨੀ ਤੇ ਪੁਰਾਣੀਆਂ ਸ਼ਿਲਾਲੇਖ ਲਿਖਤਾਂ ਨਾਲ ਮਿਲ ਜਾਂਦੇ ਹਨ। ਇਸ ਤੋਂ ਇਹ ਸਿੱਧ ਹੋ ਜਾਂਦਾ ਹੈ ਕਿ ਗੁਰਮੁਖੀ ਇਕ ਪੁਰਾਤਨ ਲਿਪੀ ਹੈ ਜਿਸਦਾ ਨਿਕਾਸ ਬ੍ਰਹਮੀ ਲਿਪੀ ਵਿਚੋਂ ਹੋਇਆ ਹੈ। ਗੁਰੂ ਸਾਹਿਬਾਨ ਨਾਲ ਇਸਦਾ ਇੰਨਾ ਕੁ ਸੰਬੰਧ ਹੈ ਕਿ ਉਨ੍ਹਾਂ ਨੇ ਇਸਦੇ ਪ੍ਰਚਲਿਤ ਅੱਖਰਾਂ ਨੂੰ ਸੋਧ ਕੇ ਇਕ ਵਿਉਂਤਬੱਧ ਰੂਪ ਪ੍ਰਦਾਨ ਕੀਤਾ ਅਤੇ ਬਾਣੀ ਰਚਨਾ ਲਈ ਅਨੁਕੂਲ ਬਣਾ ਕੇ ਸਿੱਖਾਂ ਵਿਚ ਪ੍ਰਚਲਿਤ ਕੀਤਾ। ਇਸ ਕਰਕੇ ਲੋਕਾਂ ਨੇ ਇਸ ਨੂੰ ਗੁਰਮੁਖੀ ਕਹਿਣਾ ਸ਼ੁਰੂ ਕਰ ਦਿੱਤਾ। **ਜੀ. ਬੀ. ਸਿੰਘ** ਅਨੁਸਾਰ,

> *"ਜੋ ਇਸ ਵਰਣਮਾਲਾ ਦੀਆਂ ਖ਼ੂਬੀਆਂ ਹਨ ਉਹਨਾਂ ਦਾ ਸਿਹਰਾ ਪੜ੍ਹੇ-ਲਿਖੇ ਹਿੰਦੂਆਂ ਦੇ ਸਿਰ ਹੈ ਜਿਨ੍ਹਾਂ ਨੇ ਸਿੱਖੀ ਦੇ ਜਨਮ ਤੋਂ ਸਦੀਆਂ ਪਹਿਲਾਂ ਇਹ ਅੱਖਰ ਬਣਾਏ।"*

ਸੋ ਇਸ ਪ੍ਰਕਾਰ ਅਸੀਂ ਕਹਿ ਸਕਦੇ ਹਾਂ ਕਿ ਗੁਰਮੁਖੀ ਇਕ ਪ੍ਰਾਚੀਨ ਲਿਪੀ ਹੈ ਜਿਹੜੀ ਬ੍ਰਹਮੀ ਲਿਪੀ ਵਿਚੋਂ ਪੈਦਾ ਹੋਈਆਂ ਸ਼ਾਰਦਾ, ਟਾਕਰੀ, ਲੰਡੇ ਆਦਿ ਲਿਪੀਆਂ ਦਾ ਪ੍ਰਭਾਵ ਕਬੂਲਦੀ ਹੋਈ ਅਜੋਕੇ ਸਮੇਂ ਦੀ ਇਕ ਆਦਰਸ਼ਕ ਲਿਪੀ ਵਜੋਂ ਉੱਭਰੀ ਹੈ।

**5. ਸਿੱਧ ਕਰੋ ਕਿ ਗੁਰਮੁਖੀ ਇਕ ਪ੍ਰਾਚੀਨ ਲਿਪੀ ਹੈ ਅਤੇ ਇਹ ਗੁਰੂ ਨਾਨਕ ਤੋਂ ਪਹਿਲਾਂ ਪ੍ਰਚੱਲਿਤ ਸੀ।**

**ਜਾਂ**

**5. ਗੁਰਮੁਖੀ ਲਿਪੀ ਗੁਰੂ ਸਾਹਿਬਾਨ ਨੇ ਨਹੀਂ ਬਣਾਈ, ਸਗੋਂ ਅਪਣਾਈ ਹੈ। ਸਪਸ਼ਟ ਕਰੋ।**

**ਜਾਂ**

**5. ਗੁਰਮੁਖੀ ਲਿਪੀ ਦੇ ਵਿਕਾਸ ਵਿੱਚ ਗੁਰੂ ਸਾਹਿਬਾਨ ਦੇ ਯੋਗਦਾਨ ਬਾਰੇ ਚਰਚਾ ਕਰੋ।**

ਕੁਝ ਲੋਕਾਂ ਦਾ ਮੱਤ ਹੈ ਕਿ ਗੁਰਮੁਖੀ ਲਿਪੀ ਕੋਈ ਪੁਰਾਣੀ ਲਿਪੀ ਨਹੀਂ, ਸਗੋਂ ਇਹ ਗੁਰੂ ਸਾਹਿਬਾਨ ਦੇ ਸਮੇਂ ਪ੍ਰਚੱਲਿਤ ਹੋਈ। ਉਨ੍ਹਾਂ ਲੋਕਾਂ ਦੀ ਅਜਿਹੀ ਧਾਰਨਾ ਗ਼ਲਤ ਹੈ। ਸਾਨੂੰ ਅਜਿਹੇ ਪ੍ਰਮਾਣ ਮਿਲਦੇ ਹਨ ਜਿਨ੍ਹਾਂ ਤੋਂ ਇਹ ਸਿੱਧ ਹੋ ਜਾਂਦਾ ਹੈ ਕਿ ਗੁਰਮੁਖੀ ਇਕ ਪੁਰਾਤਨ ਲਿਪੀ ਹੈ ਅਤੇ ਇਹ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਪ੍ਰਚੱਲਿਤ ਸੀ। ਇਹ ਗੱਲ ਠੀਕ ਹੈ ਕਿ ਪਹਿਲਾਂ

ਇਸ ਦਾ ਨਾਂ 'ਗੁਰਮੁਖੀ' ਨਹੀਂ ਸੀ, ਕਿਉਂਕਿ ਗੁਰੂ ਸਾਹਿਬਾਨ ਨੇ ਇਸ ਲਿਪੀ ਨੂੰ ਅਪਣਾਇਆ ਅਤੇ ਪ੍ਰਚਲਿਤ ਕੀਤਾ ਇਸ ਲਈ ਇਹ ਗੁਰਮੁਖੀ ਦੇ ਤੌਰ 'ਤੇ ਪ੍ਰਸਿੱਧ ਹੋਈ। ਇਸ ਤੋਂ ਇਲਾਵਾ ਗੁਰਮਤਿ ਨੂੰ ਮੰਨਣ ਵਾਲੇ ਲੋਕ 'ਗੁਰਮੁਖ' ਆਖੇ ਜਾਂਦੇ ਸਨ ਅਤੇ ਉਹ ਲੋਕ ਹੀ ਵਧੇਰੇ ਇਸ ਲਿਪੀ ਦੀ ਵਰਤੋਂ ਕਰਦੇ ਸਨ। ਇਸ ਲਈ ਵੀ ਇਸ ਲਿਪੀ ਦਾ ਨਾਂ ਗੁਰਮੁਖੀ ਪੈ ਗਿਆ। ਇਸ ਸੰਬੰਧੀ ਹੋਈ ਖੋਜ ਨੇ ਇਹ ਸਿੱਧ ਕਰ ਦਿੱਤਾ ਹੈ ਕਿ—

- ✓ ਗੁਰਮੁਖੀ ਦੇ 35 ਅੱਖਰਾਂ ਵਿਚੋਂ ਘੱਟੋ-ਘੱਟ 21 ਥੋੜ੍ਹੇ ਬਹੁਤੇ ਅੰਤਰ ਨਾਲ ਪੁਰਾਣੇ ਲੇਖਾਂ ਵਿਚ ਵੇਖਣ ਨੂੰ ਮਿਲਦੇ ਹਨ। ਇਨ੍ਹਾਂ ਵਿਚ 6 ਅੱਖਰ ਦਸਵੀਂ ਸਦੀ ਨਾਲ ਸੰਬੰਧਿਤ ਹਨ, 12 ਅੱਖਰ ਤੀਜੀ ਸਦੀ ਈਸਵੀ ਪੂਰਵ ਨਾਲ ਅਤੇ 3 ਅੱਖਰ ਪੰਜਵੀਂ ਸਦੀ ਈਸਵੀ ਪੂਰਵ ਨਾਲ ਸੰਬੰਧਿਤ ਹਨ।
- ✓ ਪੁਰਾਤਨ ਜਨਮ ਸਾਖੀ ਵਿਚ ਇਕ ਸਾਖੀ ਆਉਂਦੀ ਹੈ ਜਿਸ ਅਨੁਸਾਰ ਗੁਰੂ ਨਾਨਕ ਦੇਵ ਜੀ ਨੂੰ ਜਦੋਂ ਪਾਂਧੇ ਕੋਲ ਪੜ੍ਹਨ ਭੇਜਿਆ ਗਿਆ ਤਦ ਪਾਂਧੇ ਨੇ ਉਨ੍ਹਾਂ ਨੂੰ ਗੁਰਮੁਖੀ ਅੱਖਰ ਉਘਾੜ ਕੇ ਦਿੱਤੇ। ਇਸਦਾ ਅਰਥ ਇਹ ਹੋਇਆ ਕਿ ਪਾਂਧਾ ਗੁਰੂ ਜੀ ਤੋਂ ਪਹਿਲਾਂ ਗੁਰਮੁਖੀ ਲਿਪੀ ਤੋਂ ਜਾਣੂ ਸੀ।
- ✓ ਗੁਰੂ ਨਾਨਕ ਸਾਹਿਬ ਨੇ ਆਸਾ ਰਾਗ ਵਿਚ ਇਕ ਬਾਣੀ 'ਪੱਟੀ' ਦੀ ਰਚਨਾ ਕੀਤੀ ਜਿਸ ਵਿਚ ਗੁਰਮੁਖੀ ਦੀ ਸਾਰੀ ਵਰਣਮਾਲਾ ਦੇ ਸਾਰੇ ਅੱਖਰ ਆ ਗਏ ਹਨ। ਇਸ ਤੋਂ ਵੀ ਸਿੱਧ ਹੋ ਜਾਂਦਾ ਹੈ ਕਿ ਗੁਰਮੁਖੀ ਗੁਰੂ ਸਾਹਿਬਾਨ ਤੋਂ ਪਹਿਲਾਂ ਲੋਕਾਂ ਵਿਚ ਪ੍ਰਚੱਲਿਤ ਹੋਵੇਗੀ।
- ✓ ਇਸ ਤੋਂ ਇਲਾਵਾ ਇਕ ਖੋਜ ਅਨੁਸਾਰ ਕਾਂਗੜੇ, ਹਰਿਦੁਆਰ ਅਤੇ ਗਇਆ ਦੀਆਂ ਵਹੀਆਂ ਵਿਚ ਗੁਰੂ ਸਾਹਿਬਾਨ ਤੋਂ ਪਹਿਲਾਂ ਦੀ ਗੁਰਮੁਖੀ ਵਰਗੀ ਲਿਖਤ ਦੇ ਨਮੂਨੇ ਮਿਲੇ ਹਨ।

ਸੋ ਉਪਰੋਕਤ ਚਰਚਾ ਉਪਰੰਤ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਗੁਰਮੁਖੀ ਲਿਪੀ ਇਕ ਪ੍ਰਾਚੀਨ ਲਿਪੀ ਹੈ ਜਿਹੜੀ ਗੁਰੂ ਸਾਹਿਬਾਨ ਤੋਂ ਪਹਿਲਾਂ ਪ੍ਰਚੱਲਿਤ ਸੀ। ਹਾਂ ਇਹ ਹੋ ਸਕਦਾ ਹੈ ਕਿ ਗੁਰੂ ਸਾਹਿਬਾਨ ਦੇ ਹੱਥਾਂ ਵਿਚ ਆ ਕੇ ਇਸ ਦਾ ਰੂਪ ਕੁਝ ਸੁਧਰਿਆ ਹੋਵੇ।

ਗੁਰ ਬਿਨੁ ਘੋਰੁ ਅੰਧਾਰੁ
ਪੰਜਾਬੀ ਸਾਹਿਤ
ਸਭਾ
ਪ੍ਰੋ. ਗੁਰਪ੍ਰੀਤ ਸਿੰਘ
ਪੰਜਾਬੀ ਵਿਭਾਗ

### 6. ਗੁਰਮੁਖੀ ਲਿਪੀ ਦੀਆਂ ਵਿਸ਼ੇਸ਼ਤਾਵਾਂ ਦਾ ਸੰਖੇਪ ਵਰਣਨ ਕਰੋ।

**ਜਾਂ**

### 6. ਪੰਜਾਬੀ ਬੋਲੀ ਨੂੰ ਲਿਖਣ ਲਈ ਗੁਰਮੁਖੀ ਲਿਪੀ ਕਿਸ ਤਰ੍ਹਾਂ ਢੁਕਵੀਂ ਹੈ ?

**ਜਾਂ**

### 6. ਗੁਰਮੁਖੀ ਇੱਕ ਆਦਰਸ਼ ਲਿਪੀ ਹੈ, ਚਰਚਾ ਕਰੋ।

ਦੂਜੀਆਂ ਲਿਪੀਆਂ ਜਿਵੇਂ ਦੇਵਨਾਗਰੀ, ਫ਼ਾਰਸੀ, ਰੋਮਨ ਅਤੇ ਗੁਰਮੁਖੀ ਦਾ ਤੁਲਨਾਤਮਕ ਅਧਿਐਨ ਇਹ ਦੱਸਦਾ ਹੈ ਕਿ ਪੰਜਾਬੀ ਬੋਲੀ ਨੂੰ ਲਿਖਣ ਲਈ ਸਿਰਫ਼ ਗੁਰਮੁਖੀ ਲਿਪੀ ਹੀ ਵਧੇਰੇ ਸਮਰੱਥ ਹੈ। ਇਸ ਲਿਪੀ ਦੀਆਂ ਵਿਸ਼ੇਸ਼ਤਾਵਾਂ ਇਸ ਪ੍ਰਕਾਰ ਹਨ :

- ✓ ਪੰਜਾਬੀ ਭਾਸ਼ਾ ਵਿਚ ਕੋਈ ਅਜਿਹੀ ਧੁਨੀ, ਬੋਲ ਜਾਂ ਵਾਕ ਨਹੀਂ, ਜੋ ਇਸ ਲਿਪੀ ਵਿਚ ਲਿਖਿਆ ਨਾ ਜਾ ਸਕਦਾ ਹੋਵੇ। ਇਹ ਪੰਜਾਬੀ ਬੋਲੀ ਦੀ ਅਨੁਸਾਰੀ ਲਿਪੀ ਹੈ। ਇਸ ਵਿਚ ਪੰਜਾਬੀ ਦੀ ਹਰ ਧੁਨੀ ਲਈ ਕੇਵਲ ਇਕੋ ਤੇ ਵੱਖਰਾ ਅੱਖਰ ਹੈ।
- ✓ ਇਸ ਲਿਪੀ ਵਿਚ ਇਕ ਆਵਾਜ਼ ਲਈ ਇਕ ਅੱਖਰ ਬਣਿਆ ਹੋਇਆ ਹੈ, ਦੋਹਰਾ ਨਹੀਂ ਜਿਵੇਂ ਰੋਮਨ ਵਿਚ ਛ ਅਤੇ ਙ, ਇਸੇ ਤਰ੍ਹਾਂ ਫ਼ਾਰਸੀ ਵਿਚ ਸੇ, ਸੀਨ ਅਤੇ ਸੁਆਦ ਅੱਖਰ ਹਨ ਜਿਹੜੇ ਇਕੋ ਧੁਨੀ 'ਸ' ਲਈ ਵਰਤੇ ਜਾਂਦੇ ਹਨ।

- ✓ ਸੰਪੂਰਨ ਲਿਪੀ ਦੀ ਇਹ ਵਿਸ਼ੇਸ਼ਤਾ ਹੁੰਦੀ ਹੈ ਕਿ ਉਸਦੇ ਅੱਖਰਾਂ ਦੀ ਬਨਾਵਟ ਵੱਖ-ਵੱਖ ਹੋਵੇ ਅਤੇ ਸ਼ਕਲ ਪੱਖੋਂ ਅੱਖਰ ਭੁਲੇਖਾ ਨਾ ਪਾਉਣ। ਗੁਰਮੁਖੀ ਵਿਚ ਇਹ ਗੁਣ ਵਿਦਮਾਨ ਹੈ।
- ✓ ਇਸ ਲਿਪੀ ਦੇ ਬਹੁਤ ਸਾਰੇ ਅੱਖਰ ਬਿਨਾਂ ਕਲਮ ਚੁੱਕੇ ਲਿਖੇ ਜਾ ਸਕਦੇ ਹਨ, ਇਸ ਲਈ ਇਸ ਲਿਪੀ ਵਿਚ ਰਵਾਨਗੀ ਹੈ।
- ✓ ਭਾਰਤ ਦੀਆਂ ਕਈ ਦੂਜੀਆਂ ਲਿਪੀਆਂ ਵਾਂਗ ਇਸ ਦੇ ਅੱਖਰਾਂ ਦੀ ਤਰਤੀਬ ਵਿਗਿਆਨਕ ਹੈ। ਇਸ ਦੇ ਵਰਗਾਂ ਨੂੰ ਅਵਾਜ਼ ਸਥਾਨ ਅਨੁਸਾਰ ਵੰਡਿਆ ਗਿਆ ਹੈ।
- ✓ ਪੰਜਾਬੀ ਦੀਆਂ ਕੁਝ ਧੁਨੀਆਂ ਦੇ ਲਿਪਾਂਕ ਕੇਵਲ ਗੁਰਮੁਖੀ ਵਿਚ ਹੀ ਪ੍ਰਾਪਤ ਹਨ ਜਿਵੇਂ ੜ, ਧ, ਘ, ਝ, ਢ ਆਦਿ।
- ✓ ਪੰਜਾਬੀ ਵਿਚ ਫ਼ਾਰਸੀ ਅਤੇ ਹਿੰਦੀ ਦੇ ਪ੍ਰਭਾਵ ਅਨੁਸਾਰ ਨਵੀਆਂ ਧੁਨੀਆਂ ਲਈ ਢੁਕਵੇਂ ਅੱਖਰ ਘੜ੍ਹ ਲਏ ਗਏ ਹਨ ਜਿਵੇਂ ਸ਼, ਫ਼, ਖ਼, ਜ਼, ਗ਼ ਆਦਿ।
- ✓ ਇਸ ਲਿਪੀ ਵਿਚ ਅੱਧੇ ਅੱਖ਼ਰਾਂ ਦੀ ਵਰਤੋਂ ਬਹੁਤ ਘੱਟ ਕੀਤੀ ਜਾਂਦੀ ਹੈ। ਇਸ ਲਈ ਸ਼ਬਦ ਜੋੜ ਅਸ਼ੁੱਧ ਹੋਣ ਦੀ ਸੰਭਾਵਨਾ ਘੱਟ ਜਾਂਦੀ ਹੈ।
- ✓ ਇਸੇ ਤਰ੍ਹਾਂ ਦੂਹਰੇ ਅੱਖਰਾਂ ਜਾਂ ਬਲ (ਦਬਾਅ) ਦੇ ਪ੍ਰਗਟਾਵੇ ਲਈ ਅੱਧਕ ਲਗਾ  ਕੇ ਕੰਮ ਸਾਰ ਲਿਆ ਜਾਂਦਾ ਹੈ ਜਿਸ ਨਾਲ ਇਹ ਲਿਪੀ ਸਰਲ ਤੇ ਸਪਸ਼ਟ ਹੋ ਨਿਬੜਦੀ ਹੈ।
- ✓ ਛਾਪੇਖ਼ਾਨੇ ਦੀ ਦ੍ਰਿਸ਼ਟੀ ਤੋਂ ਵੀ ਇਹ ਇਕ ਸੰਪੂਰਨ ਲਿਪੀ ਹੈ ਕਿਉਂਕਿ ਇਸ ਵਿਚ ਟਾਈਪਿੰਗ ਅਤੇ ਪ੍ਰਕਾਸ਼ਨ ਦੇ ਕੰਮ ਵਿਚ ਔਖ ਨਹੀਂ ਆਉਂਦੀ ਹੈ।
- ✓ ਇਹ ਵੇਖਣ ਵਿਚ ਸੁੰਦਰ ਹੈ ਅਤੇ ਇਸ ਵਿਚ ਲਿਖਣ ਲਈ ਵਾਧੇ-ਘਾਟੇ ਅਪਣਾਉਣ ਦੀ ਸਮਰੱਥਾ ਵੀ ਹੈ।

ਇਸ ਤਰ੍ਹਾਂ ਗੁਰਮੁਖੀ ਲਿਪੀ ਦੀਆਂ ਉਪਰੋਕਤ ਵਿਸ਼ੇਸ਼ਤਾਵਾਂ ਨੂੰ ਦੇਖਦੇ ਹੋਏ ਅਸੀਂ ਇਸਨੂੰ ਪੰਜਾਬੀ ਲਈ ਇਕ ਬੇਹੱਦ ਢੁੱਕਵੀਂ ਲਿਪੀ ਸਵੀਕਾਰ ਕਰ ਸਕਦੇ ਹਾਂ।

### 7. ਪੰਜਾਬੀ ਬੋਲੀ ਨੂੰ ਲਿਖਣ ਲਈ ਦੇਵਨਾਗਰੀ ਲਿਪੀ ਕਿਉਂ ਢੁਕਵੀਂ ਨਹੀਂ ਹੈ?

ਪੰਜਾਬੀ ਲਿਖਣ ਲਈ ਨਿਮਨਲਿਖਤ ਕਾਰਨਾਂ ਕਰਕੇ ਦੇਵਨਾਗਰੀ ਲਿਪੀ ਢੁੱਕਵੀਂ ਨਹੀਂ ਹੈ :-

- ✓ ਗੁਰਮੁਖੀ ਦੇ ਮੁਕਾਬਲੇ ਵਿਚ ਦੇਵਨਾਗਰੀ ਦੇ ਅੱਖਰ ਵੱਧ ਹਨ। ਜਿੱਥੇ ਗੁਰਮੁਖੀ ਦੇ ਅੱਖਰ 35 ਹਨ ਉੱਥੇ ਦੇਵਨਾਗਰੀ ਦੇ 52 ਅੱਖਰ ਹਨ।
- ✓ ਪੰਜਾਬੀ ਦੀਆਂ ਘ, ਝ, ਧ ਅਤੇ ਭ ਧੁਨੀਆਂ ਦੀ ਸਹੀ ਆਵਾਜ਼ ਦੇ ਅੰਕਣ ਲਈ ਦੇਵਨਾਗਰੀ ਲਿਪੀ ਵਿਚ ਕੋਈ ਚਿੰਨ੍ਹ ਨਹੀਂ ਹੈ। ਦੁਲਾਵਾਂ ਤੇ ਕਨੌੜੇ ਦੀ ਸਥਿਤੀ ਵੀ ਕੁਝ ਇਸੇ ਤਰ੍ਹਾਂ ਦੀ ਹੈ।
- ✓ ਦੇਵਨਾਗਰੀ ਵਿਚ ਝ, ਣ, ਅ ਅਤੇ ਅੱਧੇ ਰਾਰੇ ਦੇ ਇਕ ਤੋਂ ਵੱਧ ਰੂਪ ਚੱਲੇ ਆਉਂਦੇ ਹਨ, ਜੋ ਉਚਿਤ ਨਹੀਂ।
- ✓ ਪੰਜਾਬੀ ਵਿਚਲੀ 'ੜ' ਧੁਨੀ ਨੂੰ ਪ੍ਰਗਟਾਉਣ ਲਈ ਦੇਵਨਾਗਰੀ ਵਿਚ ਕੋਈ ਲਿਪਾਂਕ ਨਹੀਂ ਹੈ।
- ✓ ਟਿੱਪੀ ਦਾ ਚਿੰਨ੍ਹ ਵੀ ਗੁਰਮੁਖੀ ਦਾ ਆਪਣਾ ਨਿਵੇਕਲਾ ਹੈ। ਦੇਵਨਾਗਰੀ ਵਿਚ ਇਸ ਦੇ ਸਮਾਨਾਂਤਰ ਬਿੰਦੀ ਵਰਤੀ ਜਾਂਦੀ ਹੈ। ਪਰ ਇਸਦੀ ਆਵਾਜ਼ ਏਨੀ ਡੂੰਘੀ ਨਹੀਂ ਜਿੰਨੀ ਕਿ ਪੰਜਾਬੀ ਵਿਚ ਬੋਲੀ ਜਾਂਦੀ ਹੈ।
- ✓ ਪ੍ਰੈਸ ਦੇ ਦ੍ਰਿਸ਼ਟੀਕੋਣ ਤੋਂ ਤਾਂ ਦੇਵਨਾਗਰੀ ਦੀ ਕਮਜ਼ੋਰੀ ਨੂੰ ਹਿੰਦੀ ਵਿਦਵਾਨਾਂ ਨੇ ਵੀ ਮੰਨਿਆ ਹੈ। ਛਪਾਈ ਦੇ ਪੱਖ ਤੋਂ ਦੇਵਨਾਗਰੀ ਲਿਪੀ ਵਿਚ ਅਧੂਰਾਪਣ ਤੇ ਸਮੱਸਿਆਵਾਂ ਨਜ਼ਰ ਆਉਂਦੀਆਂ ਹਨ।

## 8. ਪੰਜਾਬੀ ਬੋਲੀ ਨੂੰ ਲਿਖਣ ਲਈ ਰੋਮਨ ਲਿਪੀ ਕਿਉਂ ਢੁਕਵੀਂ ਨਹੀਂ ਹੈ?

ਅੰਗਰੇਜ਼ੀ ਰਾਜ ਸਮੇਂ ਪੰਜਾਬੀ ਭਾਸ਼ਾ ਨੂੰ ਰੋਮਨ ਲਿਪੀ ਵਿਚ ਅੰਕਿਤ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਪਰੰਤੂ ਉਹ ਸਫਲ ਨਾ ਹੋ ਸਕੀਆਂ। ਇਸ ਸੰਦਰਭ ਵਿੱਚ ਨਿਮਨਲਿਖਤ ਨੁਕਤਿਆਂ ਨੂੰ ਵਿਚਾਰਿਆ ਜਾ ਸਕਦਾ ਹੈ :-

1) ਇਸ ਅਸਫ਼ਲਤਾ ਦਾ ਵੱਡਾ ਕਾਰਨ ਇਹ ਰਿਹਾ ਕਿ ਪੰਜਾਬੀ ਵਿਚ 35+6=41 ਧੁਨੀਆਂ ਹਨ ਜਦੋਂ ਕਿ ਰੋਮਨ ਵਿਚ ਕੇਵਲ 26 ਅੱਖਰ ਹਨ।
2) ਪੰਜਾਬੀ ਦੀਆਂ ਙ, ਛ, ਝ, ਠ, ਣ, ਥ, ਭ, ਸ਼, ਖ਼, ਗ਼, ਫ਼, ਲ਼ ਆਦਿ ਧੁਨੀਆਂ ਨੂੰ ਪ੍ਰਗਟਾਉਣ ਲਈ ਕੋਈ ਵੀ ਲਿਪਾਂਕ ਨਹੀਂ ਹੈ। ਰੋਮਨ ਅੱਖਰ ਓ ਅਤੇ ਣ ਨਾ ਤਾਂ ਪੰਜਾਬੀ ਦੀਆਂ ਤ, ਦ ਧੁਨੀਆਂ ਲਈ ਢੁੱਕਵੇਂ ਹਨ ਅਤੇ ਨਾ ਹੀ ਟ, ਡ ਲਈ।
3) ਇਸੇ ਤਰ੍ਹਾਂ ਰੋਮਨ ਵਿਚ ਲਿਖੇ 'Man' ਸ਼ਬਦ ਨੂੰ ਮਨ, ਮਾਣ, ਮਾਨ, ਮਾਂ ਅਤੇ ਮੈਨ ਕੁਝ ਵੀ ਪੜ੍ਹਿਆ ਜਾ ਸਕਦਾ ਹੈ।
4) ਇਸ ਤੋਂ ਇਲਾਵਾ ਰੋਮਨ ਵਿਚ ਬਹੁਤੇ ਲਿਪੀ ਚਿੰਨ੍ਹ ਐਸੇ ਹਨ ਜਿਨ੍ਹਾਂ ਤੋਂ ਕਈ-ਕਈ ਧੁਨੀਆਂ ਦਾ ਗਿਆਨ ਹੁੰਦਾ ਹੈ। ਉਦਾਹਰਨ ਲਈ 'C' ਤੋਂ ਸ ਤੇ ਕ ਧੁਨੀਆਂ ਦਾ ਬੋਧ ਹੁੰਦਾ ਹੈ; ਜਿਵੇਂ Prince ਅਤੇ Cat ਸ਼ਬਦਾਂ ਵਿਚ।
5) ਇਸੇ ਨੁਕਤੇ ਤੋਂ G ਅੱਖਰ ਕਦੇ 'ਗ' ਧੁਨੀ ਲਈ ਵਰਤਿਆ ਜਾਂਦਾ ਹੈ ਅਤੇ ਕਦੇ 'ਜ' ਧੁਨੀ ਲਈ।
6) ਰੋਮਨ ਲਿਪੀ ਵਿਚ ਇਕ ਹੋਰ ਦੋਸ਼ ਇਹ ਹੈ ਕਿ ਇਸ ਵਿਚ ਆਮ ਤੌਰ 'ਤੇ ਵਰਨ/ਅੱਖਰ ਚੁੱਪ ਜਾਂ ਅਨ-ਉਚਰਿਤ (ਅਨੁਚਰਿਤ) ਹੋ ਜਾਂਦੇ ਹਨ; ਜਿਵੇਂ Wright ਵਿਚ W ਅਤੇ Knife ਵਿਚ K ਚੁੱਪ ਹੈ।

ਸੋ ਰੋਮਨ ਲਿਪੀ ਸਾਡੇ ਵਿਚਾਰ ਅਨੁਸਾਰ ਪੰਜਾਬੀ ਲਈ ਬਿਲਕੁਲ ਮੁਨਾਸਿਬ ਨਹੀਂ ਹੈ।

## 9. ਪੰਜਾਬੀ ਬੋਲੀ ਨੂੰ ਲਿਖਣ ਲਈ ਫ਼ਾਰਸੀ ਲਿਪੀ ਕਿਉਂ ਢੁਕਵੀਂ ਨਹੀਂ ਹੈ?

ਫ਼ਾਰਸੀ ਲਿਪੀ ਰੋਮਨ ਲਿਪੀ ਨਾਲੋਂ ਵਧੇਰੇ ਸਾਫ਼ ਤੇ ਸਪਸ਼ਟ ਹੈ ਪਰ ਪੰਜਾਬੀ ਲਿਖਣ ਵੇਲੇ ਫ਼ਾਰਸੀ ਲਿਪੀ ਵਿਚ ਵੀ ਕੁਝ ਘਾਟਾਂ ਨਜ਼ਰ ਆਉਂਦੀਆਂ ਹਨ। ਖ਼ੁਦ ਮੁਸਲਮਾਨ ਲਿਖਾਰੀ ਇਸ ਦੀਆਂ ਖ਼ਾਮੀਆਂ ਨੂੰ ਮੰਨਦੇ ਹਨ। ਇਸੇ ਲਈ ਫ਼ਾਰਸੀ ਲਿਪੀ ਸੰਬੰਧੀ ਇਕ ਕਹਾਵਤ ਪ੍ਰਚਲਿਤ ਹੈ ਕਿ ''ਲਿਖੇ ਮੂਸਾ ਪੜ੍ਹੇ ਖ਼ੁਦਾ''। ਅਰਥਾਤ ਫ਼ਾਰਸੀ ਵਿਚ ਬਿਨਾਂ ਜ਼ੇਰ, ਜ਼ਬਰ, ਪੇਸ਼ ਦੇ ਲਿਖਣ ਕਾਰਨ ਲਫ਼ਜ਼ਾਂ ਨੂੰ ਸਮਝਣ ਵਿਚ ਗੜਬੜ ਹੋ ਜਾਂਦੀ ਹੈ। ਜੇ ਪੰਜਾਬੀ ਫ਼ਾਰਸੀ ਵਿਚ ਲਿਖੀ ਜਾਵੇਗੀ ਤਾਂ ਥੋੜ੍ਹੀ ਜਿਹੀ ਅਸਾਵਧਾਨੀ ਹੋਣ ਨਾਲ ਹੀ ਅਰਥਾਂ ਦੇ ਅਨਰਥ ਹੋ ਜਾਣਗੇ ਜਿਵੇਂ 'ਖ਼ੁਦਾ' ਨੂੰ 'ਜੁਦਾ' ਪੜ੍ਹਿਆ ਜਾ ਸਕਦਾ ਹੈ, *'ਆਲੂ ਬੁਖ਼ਾਰਾ'* ਨੂੰ *'ਉੱਲੂ ਬੇਚਾਰਾ'* ਅਤੇ *'ਤਾਇਆ ਜੀ ਅਜਮੇਰ ਗਏ'* ਨੂੰ *'ਤਾਇਆ ਜੀ ਅਜ ਮਰ ਗਏ'* ਪੜ੍ਹਿਆ ਜਾ ਸਕਦਾ ਹੈ। ਫ਼ਾਰਸੀ ਵਿਚ ਕਿਸੇ-ਕਿਸੇ ਆਵਾਜ਼ ਲਈ ਚਿੰਨ੍ਹ ਵੀ ਨਹੀਂ ਹਨ ਜਿਵੇਂ ਣ ਤੇ ਙ ਲਈ। ਪ੍ਰੈਸ ਦੇ ਨੁਕਤੇ ਤੋਂ ਵੀ ਫ਼ਾਰਸੀ ਦੇ ਅੱਖਰ ਕਮਜ਼ੋਰੀਆਂ ਰੱਖਦੇ ਹਨ। ਇਸ ਤਰ੍ਹਾਂ ਫ਼ਾਰਸੀ ਲਿਪੀ ਵੀ ਪੰਜਾਬੀ ਲਈ ਅਢੁੱਕਵੀਂ ਹੈ।

## ਗੁਰਮੁੱਖੀ ਲਿਪੀ ਦੀ ਸੰਰਚਨਾ ਉੱਤੇ ਵਿਸਥਾਰਪੂਰਵਕ ਨੋਟ ਲਿਖੋ।

**ਜਾਂ**

## ਪੰਜਾਬੀ ਆਰਥੋਗ੍ਰਾਫ਼ੀ ਦੇ ਨਿਯਮਾਂ ਸੰਬੰਧੀ ਚਰਚਾ ਕਰੋ।

ਸ਼ਲਪੀ ਚਿੰਨ੍ਹਾਂ ਨੂੰ ਵਿਅਕਤ ਕਰਨ ਦੀ ਵਿਧੀ ਨੂੰ ਆਰਥੋਗ੍ਰਾਫ਼ੀ ਕਿਹਾ ਜਾਂਦਾ ਹੈ ਜਾਂ ਇੰਞ ਵੀ ਕਹਿ ਸਕਦੇ ਹਾਂ ਕਿ ਅੱਖਰ ਲਿਖਣ ਪ੍ਰਣਾਲੀ ਨੂੰ ਆਰਥੋਗ੍ਰਾਫ਼ੀ ਦਾ ਨਾਂ ਦਿੱਤਾ ਜਾਂਦਾ ਹੈ। ਬੇਸ਼ੱਕ ਆਰਥੋਗ੍ਰਾਫ਼ੀ ਵਿੱਚ ਲਿਪੀ ਦਾ ਬਹੁਤਾ ਹਿੱਸਾ ਸ਼ਾਮਿਲ ਹੋ ਜਾਂਦਾ ਹੈ, ਪਰ ਸਿਰਫ਼ ਲਿਪੀ ਨੂੰ ਹੀ ਆਰਥੋਗ੍ਰਾਫ਼ੀ ਨਹੀਂ ਕਿਹਾ ਜਾ ਸਕਦਾ। ਲਿਪੀ ਸਿਰਫ਼ ਉਹਨਾਂ ਅੱਖਰ-ਚਿੰਨ੍ਹਾਂ ਦਾ ਸਮੂਹ ਹੈ ਜੋ ਅੱਖਰ-ਚਿੰਨ੍ਹ ਕਿਸੇ ਭਾਸ਼ਾ ਦੀਆਂ ਧੁਨੀਆਂ ਨੂੰ ਵਿਅਕਤ ਕਰਨ ਲਈ ਵਰਤੇ ਜਾਂਦੇ ਹਨ। ਇਸ ਦੇ ਮੁਕਾਬਲੇ ਆਰਥੋਗ੍ਰਾਫ਼ੀ ਵਿੱਚ ਉਹ ਸਾਰੀਆਂ ਲਿਖਤ ਜੁਗਤਾਂ ਵੀ ਸ਼ਾਮਿਲ ਹੋ ਜਾਂਦੀਆਂ ਹਨ ਜੋ ਲਿਪੀ ਦੇ ਦਾਇਰੇ ਵਿੱਚ ਨਹੀਂ ਆਉਂਦੀਆਂ। ਸੌਖੇ ਜਿਹੇ ਸ਼ਬਦਾਂ ਵਿੱਚ ਆਰਥੋ ਤੋਂ ਇਹ ਭਾਵ ਲਿਆ ਜਾਂਦਾ ਹੈ ਕਿ ਉਹ ਵਿਧੀ ਜਾਂ ਤਕਨੀਕ ਜਿਸ ਰਾਹੀਂ ਕਿਸੇ ਵੀ ਭਾਸ਼ਾ ਨੂੰ ਸ਼ੁੱਧ ਲਿਖਿਆ ਜਾ ਸਕੇ ਜਾਂ ਉਸ ਦੇ ਸ਼ਬਦ ਨਿਰਧਾਰਿਤ ਕੀਤੇ ਜਾ ਸਕਣ। ਇਸੇ ਲਈ ਭਾਸ਼ਾ ਵਿਦਵਾਨ ਇੱਕ ਮਿਆਰੀ ਆਰਥੋਗ੍ਰਾਫ਼ੀ ਵਿੱਚ ਲਿਪੀ ਤੋਂ ਬਿਨਾਂ ਕਈ ਹੋਰ ਤੱਤ ਵੀ ਸ਼ਾਮਿਲ ਕਰਦੇ ਹਨ। ਜਿਹਨਾਂ ਵਿੱਚ ਖ਼ਾਕਾ, ਕ੍ਰਮਵਾਰ ਤਰਕੀਬਾਂ, ਸੰਖਿਪਤ ਤਰਕੀਬਾਂ, ਭਿੰਨਤਾ-ਸੂਚਕ ਤਰਕੀਬਾਂ, ਮੁੱਢ ਅੱਖਰੀ ਤਰਕੀਬਾਂ, ਵਿਰਾਮ ਚਿੰਨ੍ਹ ਅਤੇ ਸ਼ਬਦ-ਜੋੜ ਪ੍ਰਮੁੱਖ ਹਨ। ਇਹਨਾਂ ਮਿਆਰੀ ਤੱਤਾਂ ਨੂੰ ਅਸੀਂ ਸੰਖੇਪ ਵਿੱਚ ਇਸ ਤਰ੍ਹਾਂ ਬਿਆਨ ਕਰ ਸਕਦੇ ਹਾਂ :-

### 1. ਖ਼ਾਕਾ (Layout)

ਜਿਸ ਵਿਧੀ ਜਾਂ ਢੰਗ ਨਾਲ ਕਿਸੇ ਲਿਪੀ ਨੂੰ ਲਿਖਿਆ ਜਾਂਦਾ ਹੈ ਉਸ ਨੂੰ ਖ਼ਾਕਾ ਕਿਹਾ ਜਾਂਦਾ ਹੈ। ਗੁਰਮੁਖੀ ਅੱਖਰ ਵੀ ਹੋਰਨਾਂ ਭਾਰਤੀ ਲਿਪੀਆਂ ਵਾਂਗ ਲਕੀਰ ਤੋਂ ਹੇਠਾਂ ਖੱਬੇ ਤੋਂ ਸੱਜੇ ਅੰਕਿਤ ਕੀਤੇ ਜਾਂਦੇ ਹਨ। ਸ੍ਵਰ ਅੰਕਿਤ ਕਰਨ ਵਾਲ਼ੇ ਚਿੰਨ੍ਹ ਜਾਂ ਲਗਾਂ-ਮਾਤਰਾਵਾਂ ਵਰਨਾਂ/ਸ੍ਵਰ-ਵਾਹਕਾਂ ਦੇ ਉੱਪਰ (ਕਨੌੜਾ, ਲਾਵਾਂ, ਦੁਲਾਵਾਂ), ਹੇਠਾਂ (ਔਂਕੜ, ਦੁਲੈਂਕੜ), ਖੱਬੇ (ਸਿਹਾਰੀ), ਸੱਜੇ (ਬਿਹਾਰੀ) ਅੰਕਿਤ ਕੀਤੀਆਂ ਜਾਂਦੀਆਂ ਹਨ। ਨਾਸਿਕਤਾ (ਬਿੰਦੀ ਤੇ ਟਿੱਪੀ) ਅਤੇ ਦੁੱਤਕ (ਅੱਧਕ) ਦੇ ਚਿੰਨ੍ਹ ਲਕੀਰ ਦੇ ਉੱਤੇ ਅਤੇ ਵਰਨਾਂ/ਸ੍ਵਰ-ਵਾਹਕਾਂ ਦੇ ਉੱਤੇ ਅੰਕਿਤ ਕੀਤੇ ਜਾਂਦੇ ਹਨ। ਕੁਝ ਵਰਨਾਂ ਦੇ ਪੈਰਾਂ ਵਿੱਚ ਪੈਣ ਵਾਲ਼ੇ ਰੂਪ (੍ਹ, ੍ਵ, ੍ਰ) ਵਰਨਾਂ ਦੇ ਹੇਠਾਂ ਅੰਕਿਤ ਕੀਤੇ ਜਾਂਦ ਹਨ।

### 2. ਕ੍ਰਮਵਾਰ ਤਰਕੀਬਾਂ (Serialize Devices)

ਇੱਕ ਤੋਂ ਵਧੇਰੇ ਵਸਤੂਆਂ ਜਾਂ ਸੰਕਲਪਾਂ ਨੂੰ ਪ੍ਰਗਟ ਤਰਤੀਬ ਦੇ ਕੇ ਪ੍ਰਗਟ ਕਰਨ ਲਈ ਜਿਨ੍ਹਾਂ ਵਿਧੀਆਂ ਦੀ ਵਰਤੋਂ ਕੀਤੀ ਜਾਂਦੀ ਹੈ ਉਸ ਨੂੰ ਕ੍ਰਮਵਾਰ ਤਰਕੀਬਾਂ ਕਿਹਾ ਜਾਂਦਾ ਹੈ। ਕ੍ਰਮਵਾਰ ਸੂਚੀ ਤਿਆਰ ਕਰਨ ਦਾ ਕੋਈ ਬੱਝਵਾਂ ਨੇਮ ਨਹੀਂ ਹੁੰਦਾ। ਗੁਰਮੁਖੀ ਵਿੱਚ ਤਰਤੀਬ ਦੇਣ ਲਈ ਅੱਖਰਾਂ ਜਾਂ ਅੰਕਾਂ ਦੀ ਵਰਤੋਂ ਕੀਤੀ ਜਾਂਦੀ ਹੈ।

### 3. ਸੰਜਮੀ ਜਾਂ ਸੰਖਿਪਤ ਤਰਕੀਬ (Abbreviations)

ਲਿਖਤ ਵਿੱਚ ਆਮ ਪ੍ਰਚਲਿਤ ਸ਼ਬਦਾਂ ਦੇ ਬਾਰ-ਬਾਰ ਦੁਹਰਾਓ ਤੋਂ ਬਚਣ ਲਈ ਅਤੇ ਪੂਰੇ ਸ਼ਬਦ ਦੀ ਥਾਂ ਇੱਕ-ਦੋ ਅੱਖਰਾਂ ਦੇ ਵਰਤੋਂ ਰਾਹੀਂ ਭਾਵ ਸਪਸ਼ਟ ਕਰਨ ਲਈ ਸੰਜਮ ਦੀ ਤਰਕੀਬ ਵਰਤੀ ਜਾਂਦੀ ਹੈ। ਜਿਵੇਂ ਗੁਰਮੁਖੀ ਲਿਪੀ ਵਿੱਚ ਸ਼ਬਦ ਦੇ ਪਹਿਲੇ ਅੱਖਰ ਅਤੇ ਉਸ ਨਾਲ ਲੱਗੇ ਸਵਰ ਤੋਂ ਬਾਅਦ ਬਿੰਦੀ ਲਗਾ ਕੇ ਇਸ ਤਰਕੀਬ ਦੀ ਵਰਤੋਂ ਕੀਤੀ ਜਾਂਦੀ ਹੈ, ਮਿਸਾਲ ਲਈ ਪ੍ਰੋਫ਼ੈਸਰ ਲਈ ਪ੍ਰੋ., ਡਾਕਟਰ ਲਈ ਡਾ. ਅਤੇ ਸਰਦਾਰ ਲਈ ਸ. ਵਰਤ ਲਿਆ ਜਾਂਦਾ ਹੈ। ਕਈ ਵਾਰੀ ਇੱਕ ਬਿੰਦੀ ਦੀ ਥਾਂ ਦੁਬਿੰਦੀ ਦੀ ਵਰਤੋਂ ਵੀ ਕੀਤੀ ਜਾਂਦੀ ਹੈ ਜਿਵੇ ਨੰ: ਆਦਿ।

**4. ਮੁੱਢ-ਅੱਖਰੀ ਸੰਖੇਪ ਤਰਕੀਬ (Acronyms)**

ਇਹ ਵੀ ਇਕ ਸੰਜਮੀ ਤਰਕੀਬ ਹੈ। ਇਸ ਵਿੱਚ ਸ਼ਬਦਾਂ ਦੀ ਥਾਂ ਸ਼ਬਦਾਂ ਦੇ ਸਮੂਹ ਨੂੰ ਸੰਖਪ ਕਰ ਕੇ ਲਿਖਿਆ ਜਾਂਦਾ ਹੈ। ਜਿਵੇਂ : ਬਹੁਜਨ ਸਮਾਜ ਪਾਰਟੀ ਨੂੰ ਬਸਪਾ, ਪਟਿਆਲਾ ਐਂਡ ਈਸਟ ਪੰਜਾਬ ਸਟੇਟਸ ਯੂਨੀਅਨ ਨੂੰ ਪੈਪਸੂ, ਭਾਰਤੀ ਜਨਤਾ ਪਾਰਟੀ ਨੂੰ ਭਾਜਪਾ ਆਦਿ।

**5. ਭਿੰਨਤਾ-ਸੂਚਕ ਤਰਕੀਬਾਂ (Differential Devices)**

ਇਹ ਤਰਕੀਬ ਉਸ ਲਿਪੀ ਵਿੱਚ ਵਰਤੀ ਜਾ ਸਕਦੀ ਹੈ ਜਿਸ ਲਿਪੀ ਦੇ ਅੱਖਰਾਂ ਦੀ ਬਨਾਵਟ ਬਹੁਭਾਂਤੀ ਹੋਵੇ। ਜਿਵੇਂ ਅੰਗਰੇਜ਼ੀ ਵਿੱਚ ਛੋਟੇ ਅਤੇ ਵੱਡੇ ਅਖਰ ਹਨ। ਗੁਰਮੁੱਖੀ ਵਿੱਚ ਇਸ ਦੀ ਵਰਤੋਂ ਅੱਖਰਾਂ ਦੀ ਭਿੰਨਤਾ ਦੇ ਆਧਾਰ 'ਤੇ ਨਹੀਂ ਕੀਤੀ ਜਾ ਸਕਦੀ। ਪਰੰਤੂ ਅੱਜ-ਕੱਲ੍ਹ ਟਾਈਪਿੰਗ ਵਿੱਚ ਅੱਖਰਾਂ ਨੂੰ ਵੱਖਰਾਂ ਦਿਖਾਉਣ ਲਈ ਬੋਲਡ ਜਾਂ ਇਟੈਲਿਕ ਕਰ ਦਿੱਤਾ ਜਾਂਦਾ ਹੈ। ਕਈ ਵਾਰੀ ਸ਼ਬਦਾਂ ਜਾਂ ਲਾਈਨਾਂ ਨੂੰ ਗੂੜ੍ਹਾ ਕਰ ਲਿਆ ਜਾਂਦਾ ਹੈ ਜਾਂ ਸ਼ਬਦ-ਸਮੂਹ ਹੇਠ ਲਾਈਨ ਲਗਾ ਦਿੱਤੀ ਜਾਂਦੀ ਹੈ। ਇਹ ਵੀ ਇੱਕ ਭਿੰਨਤਾ-ਸੂਚਕ ਤਰਕੀਬ ਹੈ।

**ਗੁਰਮੁਖੀ ਲਿਪੀ : ਬਣਤਰ ਤੇ ਵਿਧਾਨ**

ਲਿਪੀ ਦੇ ਅੰਤਰਗਤ ਵਰਨਮਾਲ਼ਾ, ਅੱਖਰ-ਕ੍ਰਮ, ਅਤੇ ਸਹਾਇਕ ਚਿੰਨ੍ਹਾਂ ਦੇ ਵਰਣਨ ਨੂੰ ਸ਼ਾਮਿਲ ਕੀਤਾ ਜਾਂਦਾ ਹੈ। ਗੁਰਮੁਖੀ ਵਰਨਮਾਲ਼ਾ ਨੂੰ 'ਪੈਂਤੀ' ਜਾਂ 'ਪੈਂਤੀ ਅੱਖਰੀ' ਦਾ ਨਾਮ ਦਿੱਤਾ ਗਿਆ ਹੈ, ਕਿਉਂਕਿ ਇਸ ਦੇ ਅੱਖਰ-ਕ੍ਰਮ ਵਿੱਚ ਵਰਨਾਂ ਦੀ ਗਿਣਤੀ ਪੈਂਤੀ ਸੀ। ਇਸ ਵਿੱਚ ਲਗਾਂ-ਮਾਤਰਾਵਾਂ, ਸਹਾਇਕ ਚਿੰਨ੍ਹਾਂ ਅਤੇ ਪੈਰ ਵਿੱਚ ਬਿੰਦੀ ਵਾਲ਼ੇ ਵਰਨਾਂ ਦੀ ਗਿਣਤੀ ਸ਼ਾਮਿਲ ਨਹੀਂ ਸੀ। ਅਜੋਕੀ ਗੁਰਮੁਖੀ ਲਿਖਤ ਵਿੱਚ ਅੱਖਰ-ਕ੍ਰਮ ਅਨੁਸਾਰ ਹੇਠ ਲਿਖੀਆਂ ਇਕਾਈਆਂ ਸ਼ਾਮਿਲ ਹਨ :-

**1. ਸ੍ਵਰ-ਵਾਹਕ** :- ੳ, ਅ, ੲ, (3)

**2. ਲਗਾਂ-ਮਾਤਰਾਵਾਂ** :- ਅ, ਆ, ਇ, ਈ, ਉ, ਊ, ਓ, ਔ, ਏ, ਐ (10)

**3. ਵਰਨ** :-

| | | | | | |
|---|---|---|---|---|---|
| | | | ਸ | ਹ | |
| ਕ | ਖ | ਗ | ਘ | ਙ | |
| ਚ | ਛ | ਜ | ਝ | ਞ | |
| ਟ | ਠ | ਡ | ਢ | ਣ | |
| ਤ | ਥ | ਦ | ਧ | ਨ | |
| ਪ | ਫ | ਬ | ਭ | ਮ | |
| ਯ | ਰ | ਲ | ਵ | ੜ | (32) |

**4. ਪੈਰ ਬਿੰਦੀ ਵਾਲ਼ੇ ਵਰਨ** :- ਸ਼, ਖ਼, ਗ਼, ਜ਼, ਫ਼, ਲ਼ (6)

**5. ਪੈਰ ਵਿੱਚ ਪੈਣ ਵਾਲ਼ੇ ਵਰਨ** :- ੍ਹ, ੍ਰ, ੍ਵ (3)

**6. ਸਹਾਇਕ ਚਿੰਨ੍ਹ** :- ਂ, ੰ, ੱ (3)

ਇਸ ਤਰ੍ਹਾਂ ਮੁਕਤਾ (ਅ) ਨੂੰ ਛੱਡ ਕੇ ਅਜੋਕੀ ਗੁਰਮੁਖੀ ਲਿਪੀ ਵਿੱਚ ਕੁੱਲ **56** ਚਿੰਨ੍ਹ ਹਨ ਜਿਹਨਾਂ ਸੰਬੰਧੀ ਸੰਖੇਪ ਚਰਚਾ ਇਸ ਪ੍ਰਕਾਰ ਹੈ :-

**1. ਸ੍ਵਰ-ਵਾਹਰ**

ਗੁਰਮੁਖੀ ਦੀ ਪਰੰਪਰਾਗਤ ਪੈਂਤੀ ਦੇ ਪਹਿਲੇ ਤਿੰਨ ਚਿੰਨ੍ਹ ੳ, ਅ, ੲ, ਨੂੰ ਸ੍ਵਰ-ਵਾਹਕ ਕਿਹਾ ਜਾਂਦਾ ਹੈ। ਇਹਨਾਂ ਦਾ ਆਪਸੀ ਕ੍ਰਮ ਪੈਂਤੀ ਦੇ ਬਾਕੀ ਅੱਖਰਾਂ ਦੇ ਕ੍ਰਮ ਵਾਂਗ ਵਿਗਿਆਨਕ ਤੇ ਤਰਕਸੰਗਤ ਹੈ। ਸਭ ਤੋਂ ਪਹਿਲਾਂ ਮੂੰਹ-ਪੋਲ ਵਿੱਚ ਪਿਛਲੇ ਪਾਸੇ ਉਚਰਿਤ ਸ੍ਵਰਾਂ ਨੂੰ ਅੰਕਿਤ ਕਰਨ ਵਾਲ਼ਾ ਸ੍ਵਰ-ਵਾਹਕ 'ੳ' ਆਉਂਦਾ ਹੈ ਜਿਹੜਾ ਉ, ਓ ਤੇ ਓ ਨੂੰ ਸਾਕਾਰ ਕਰਦਾ ਹੈ। ਅੰਤ ਵਿੱਚ ਅਗਲੇ ਸ੍ਵਰਾਂ ਨੂੰ ਅੰਕਿਤ ਕਰਨ ਵਾਲ਼ਾਂ ਸ੍ਵਰ-ਵਾਹਕ 'ੲ' ਆਉਂਦਾ ਹੈ ਜਿਹੜਾ ਏ, ਇ ਤੇ ਈ ਨੂੰ ਸਾਕਾਰ ਕਰਦਾ ਹੈ ਅਤੇ 'ਅ' ਸ੍ਵਰ-ਵਾਹਕ ਦਾ ਉਚਾਰਨ ਮੂੰਹ ਦੇ ਵਿਚਕਾਰਲੇ ਹਿੱਸੇ ਵਿੱਚ ਹੁੰਦਾ ਹੈ ਜਿਹੜਾ ਅ, ਆ, ਔ ਤੇ ਐ ਨੂੰ ਸਾਕਾਰ ਕਰਦਾ ਹੈ।

**2. ਲਗਾਂ-ਮਾਤਰਾਵਾਂ**

ਲਗਾਂ-ਮਾਤਰਾਵਾਂ ਗੁਰਮੁਖੀ ਦੇ ਉਹ ਚਿੰਨ੍ਹ ਹਨ ਜੋ ਪੰਜਾਬੀ ਉਚਾਰਨ ਵਿੱਚ ਆਏ ਸ੍ਵਰਾਂ ਨੂੰ ਅੰਕਿਤ ਕਰਨ ਲਈ ਵਰਤੇ ਜਾਂਦੇ ਹਨ। ਅਜੋਕੀ ਗੁਰਮੁਖੀ ਲਿਖਤ ਵਿੱਚ 9 ਲਗਾਂ-ਮਾਤਰਾਵਾਂ ਹਨ ਜੋ ਪੰਜਾਬੀ ਦੇ ਸ੍ਵਰਾਂ ਨੂੰ ਅੰਕਿਤ ਕਰਨ ਲਈ ਵਰਤੀਆਂ ਜਾਂਦੀਆਂ ਹਨ। ਦਸਵੇਂ ਅਰਥਾਤ ਕੇਂਦਰੀ ਸ੍ਵਰ (ਮੁਕਤਾ) ਲਈ ਕੋਈ ਵੀ ਲਗ-ਮਾਤਰਾ ਨਹੀਂ ਹੈ। ਮਾਤਰਾਵਾਂ ਦੇ ਨਾਮ ਹਨ :- ਕੰਨਾ (ਾ), ਸਿਹਾਰੀ (ਿ), ਬਿਹਾਰੀ (ੀ), ਔਂਕੜ (ੁ), ਦੁਲੈਂਕੜ (ੂ), ਹੋੜਾ (ੋ), ਕਨੌੜਾ (ੌ), ਲਾਵਾਂ (ੇ), ਦੁਲਾਵਾਂ (ੈ)। ਬਿਨਾਂ ਲਗ ਤੋਂ ਅੱਖਰ ਨੂੰ ਮੁਕਤਾ ਮੰਨ ਲਿਆ ਜਾਂਦਾ ਹੈ। ਇਹ ਲਗਾਂ-ਮਾਤਰਾਵਾਂ ਅੱਖਰਾਂ/ਸ੍ਵਰ-ਵਾਹਕਾਂ ਦੇ ਉੱਪਰ ਹੇਠਾਂ ਸੱਜੇ ਤੋਂ ਖੱਬੇ ਅੰਕਿਤ ਕੀਤੀਆਂ ਜਾਂਦੀਆਂ ਹਨ। ਲਗ-ਮਾਤਰ ਜਿਸ ਅੱਖਰ ਨਾਲ਼ ਲੱਗੀ ਹੁੰਦੀ ਹੈ ਉਸ ਅੱਖਰ ਦੀ ਵਿਅੰਜਨ ਧੁਨੀ ਤੋਂ ਬਾਅਦ ਵਿੱਚ ਆਉਣ ਵਾਲ਼ੇ ਸ੍ਵਰ ਨੂੰ ਅੰਕਿਤ ਕਰਦੀ ਹੈ। ਜਦੋਂ ਕੋਈ ਮਾਤਰਾ ਸ੍ਵਰ-ਵਾਹਕ ਨਾਲ਼ ਲਿਖੀ ਜਾਂਦੀ ਹੈ ਤਾਂ ਇਹ ਸ੍ਵਰ-ਵਾਹਕ ਤੋਂ ਮਗਰੋਂ ਆਉਣ ਵਾਲ਼ੀ ਅੱਖਰ ਨਾਲ਼ ਜੁੜੀ ਵਿਅੰਜਨ-ਧੁਨੀ ਤੋਂ ਪਹਿਲਾਂ ਆਉਣ ਵਾਲ਼ੇ ਸ੍ਵਰ ਨੂੰ ਅੰਕਿਤ ਕਰਦੀ ਹੈ। ਵਰਨਾਂ ਦੇ ਉੱਪਰ ਅਤੇ ਹੇਠਾਂ ਲਿਖੀਆਂ ਜਾਣ ਵਾਲ਼ੀਆਂ ਲਗਾਂ-ਮਾਤਰਾਵਾਂ ਦੀ ਵਰਤੋਂ ਤਾਂ ਸਪਸ਼ਟ ਹੈ ਪਰ ਕਈ ਵਾਰੀ ਸਿਹਾਰੀ ਬਾਰੇ ਭੁਲੇਖਾ ਪੈ ਜਾਂਦਾ ਹੈ ਕਿਉਂਕਿ ਸਿਹਾਰੀ ਅੱਖਰ ਤੋਂ ਪਹਿਲਾਂ ਲਿਖੀ ਜਾਂਦੀ ਹੈ ਪਰ ਇਹ ਬਾਅਦ ਵਾਲ਼ੇ ਅੱਖਰ ਨੂੰ ਸਪਸ਼ਟ ਕਰਦੀ ਹੈ। ਇਸੇ ਭੁਲੇਖੇ ਕਾਰਨ ਹੀ ਕਈ ਵਾਰੀ ਭਾਸ਼ਾ-ਵਿਗਿਆਨੀ ਇਸ ਨੂੰ ਸੋਧਣ ਦਾ ਸੁਝਾਅ ਵੀ ਦਿੰਦੇ ਹਨ। ਅਸਲੀਅਤ ਇਹ ਹੈ ਕਿ ਸਿਹਾਰੀ ਰੂਪ ਅਤੇ ਵਰਤੋਂ ਕਰਕੇ ਅੱਖਰਾਂ/ਸ੍ਵਰ-ਵਾਹਕਾਂ ਦੇ ਖੱਬੇ ਪਾਸੇ ਲਿਖੀ ਤਾਂ ਜਾਂਦੀ ਹੈ ਪਰ ਇਹ ਅੱਖਰ ਨਾਲ਼ ਜੁੜੇ ਵਿਅੰਜਨ ਮਗਰੋਂ ਆ ਰਹੇ ਸ੍ਵਰ ਨੂੰ ਹੀ ਅੰਕਿਤ ਕਰਦੀ ਹੈ ਜਿਵੇਂ ਕਿਹਰ = ਕ+ਇ+ਹ+ਰ।

ਲਗਾਂ-ਮਾਤਰਾਵਾਂ ਦਾ ਰੂਪ ਤੇ ਆਕਾਰ ਅਜਿਹਾ ਹੈ ਕਿ ਇਹ ਸੁਤੰਤਰ ਤੌਰ 'ਤੇ ਅੰਕਿਤ ਨਹੀਂ ਹੁੰਦੀਆਂ। ਇਹਨਾਂ ਨੂੰ ਅੱਖਰਾਂ/ਸ੍ਵਰ-ਵਾਹਕਾਂ ਨਾਲ਼ ਟੰਗਣਾ ਪੈਂਦਾ ਹੈ। ਜਦੋਂ ਕਿਸੇ ਉਚਾਰ-ਖੰਡ ਦਾ ਆਰੰਭ ਸ੍ਵਰ ਨਾਲ਼ ਹੁੰਦਾ ਹੋਵੇ ਜਾਂ ਜਦੋਂ ਕਿਸੇ ਸ੍ਵਰ ਤੋਂ ਪਹਿਲਾਂ ਵਿਅੰਜਨ ਨਾ ਆਉਂਦਾ ਹੋਵੇ ਤਾਂ ਅਜਿਹੇ ਸ੍ਵਰ ਨੂੰ ਅੰਕਿਤ ਕਰਨ ਵਾਲ਼ੀ ਮਾਤਰਾ ਨੂੰ ਸ੍ਵਰ-ਵਾਹਕ ਨਾਲ਼ ਲਿਖਿਆ ਜਾਂਦਾ ਹੈ। ਕਿਸ ਸ੍ਵਰ-ਵਾਹਕ ਨਾਲ਼ ਕਿਹੜੀ ਮਾਤਰਾ ਲਗਾਈ ਜਾਵੇ ਇਸ ਦਾ ਫ਼ੈਸਲਾ ਸ੍ਵਰ-ਵਾਹਕ ਨਾਲ਼ ਲੱਗਣ ਵਾਲ਼ੀ ਮਾਤਰਾ, ਰੂਪ ਅਤੇ ਆਕਾਰ ਨੂੰ ਧਿਆਨ ਵਿੱਚ ਰੱਖ ਕੇ ਕੀਤਾ ਗਿਆ ਹੈ। 'ੳ' ਚਿੰਨ੍ਹ ਦਾ ਕੁਝ ਹਿੱਸਾ ਲਕੀਰ ਦੇ ਉੱਪਰ ਆਉਂਦਾ ਹੈ। ਇਸ ਲਈ ਉੱਪਰ ਲਿਖੀਆਂ ਜਾਣ ਵਾਲ਼ੀਆਂ ਮਾਤਰਾਵਾਂ (ਕਨੌੜਾ ਤੇ ਦੁਲਾਵਾਂ) ਜਾਂ ਪਾਸੇ ਲਿਖੀਆਂ ਜਾਣ ਵਾਲ਼ੀਆਂ ਮਾਤਰਾਵਾਂ ਜਿਹਨਾਂ ਦਾ ਕੁਝ ਹਿੱਸਾ ਲਕੀਰ ਉੱਪਰ ਚਲਾ ਜਾਂਦਾ ਹੈ (ਸਿਹਾਰੀ ਤੇ ਬਿਹਾਰੀ) ਨੂੰ 'ੳ' ਨਾਲ਼ ਅੰਕਿਤ ਨਹੀਂ ਕੀਤਾ ਜਾਂਦਾ। ਹੋੜਾ ਲਗਾਉਣ ਲਈ 'ੳ' ਦਾ ਮੂੰਹ ਖੁੱਲ੍ਹਾ ਰਹਿਣ ਦਿੱਤਾ ਜਾਂਦਾ ਹੈ। ਔਂਕੜ ਅਤੇ ਦੁਲੈਂਕੜ ਹੇਠਾਂ ਲਿਖੀਆਂ ਜਾਣ ਵਾਲ਼ੀਆਂ ਮਾਤਰਾਵਾਂ 'ੳ' ਨਾਲ਼ ਲਿਖੀਆਂ ਜਾਂਦੀਆਂ ਹਨ 'ਅ' ਨਾਲ਼ ਕੰਨਾ, ਦੁਲਾਵਾਂ ਅਤੇ ਕਨੌੜੇ ਦੀ ਵਰਤੋਂ ਕੀਤੀ ਜਾਂਦੀ ਹੈ। 'ੲ' ਨਾਲ਼ ਖੱਬੇ ਸਿਹਾਰੀ, ਸੱਜੇ ਬਿਹਾਰੀ ਅਤੇ ਉੱਪਰ ਲਾਵਾਂ ਮਾਤਰਾਵਾਂ ਅੰਕਿਤ ਕੀਤੀਆਂ ਜਾਂਦੀਆਂ ਹਨ। ਕੁਝ ਵਿਸ਼ੇਸ਼ ਪਰਿਸਥਿਤੀਆਂ ਵਿੱਚ ਜਦੋਂ ਕਿਸੇ ਸ਼ਬਦ

ਵਿੱਚ 'ਹ' ਵਰਨ ਆਉਂਦਾ ਹੈ ਤਾਂ ਕਈ ਵਾਰੀ ਸਿਹਾਰੀ ਅਤੇ ਬਿਹਾਰੀ ਦਾ ਉਚਾਰਨ ਲਾਵਾਂ ਅਤੇ ਹੋੜੇ ਦੇ ਸੁਰਾਂ ਵਿੱਚ ਬਦਲ ਜਾਂਦਾ ਹੈ।

**3. ਗੁਰਮੁਖੀ ਪੈਂਤੀ ਜਾਂ ਵਰਨ**

ਪੰਜਾਬੀ ਦੀਆਂ ਵੱਖ-ਵੱਖ ਵਿਅੰਜਨ ਧੁਨੀਆਂ ਨੂੰ ਪ੍ਰਗਟ ਕਰਨ ਲਈ ਗੁਰਮੁਖੀ ਦੇ ਅੰਤਰਗਤ /ਸ/ ਤੋਂ ਲੈ ਕੇ /ਲ਼/ ਤੱਕ ਵਿਭਿੰਨ ਲਿਪਾਂਕ ਸਥਾਪਿਤ ਕੀਤੇ ਗਏ ਹਨ। ਇਨ੍ਹਾਂ ਵਰਨਾਂ ਦੀ ਵਰਤੋਂ-ਵਿਧਾਨ ਸੰਬੰਧੀ ਚਰਚਾ ਇਸ ਪ੍ਰਕਾਰ ਹੈ :-

**'ਹ' ਦੀ ਵਰਤੋਂ**

ਸ਼ਬਦ ਦੀ ਮੁਢਲੀ ਸਥਿਤੀ ਵਿੱਚ ਆਉਣ ਵਾਲ਼ੀ 'ਹ' ਧੁਨੀ ਦੀ ਵਰਤੋਂ ਬਤੌਰ ਵਿਅੰਜਨ ਦੇ ਕੀਤੀ ਜਾਂਦੀ ਹੈ ਅਤੇ ਸ਼ਬਦ ਵੀ ਵਿਚਕਾਰਲੀ ਤੇ ਅੰਤਲੀ ਸਥਿਤੀ ਵਿੱਚ ਇਸ ਦੀ ਥਾਂ ਸੁਰ ਉਚਾਰੀ ਜਾਂਦੀ ਹੈ। ਕਈ ਵਾਰ ਸ਼ਬਦ ਦੇ ਸ਼ੁਰੂ ਵਿੱਚ ਆਉਣ ਵਾਲ਼ਾ 'ਹ' ਵਿਅੰਜਨ ਵੀ ਸੁਰ ਵਿੱਚ ਬਦਲ ਜਾਂਦਾ ਹੈ। ਪਰੰਤੂ ਗੁਰਮੁਖੀ ਵਿੱਚ ਇਸ ਸੁਰ ਨੂੰ ਅੰਕਿਤ ਕਰਨ ਲਈ ਕੋਈ ਢੁਕਵਾਂ ਚਿੰਨ੍ਹ ਪ੍ਰਾਪਤ ਨਹੀਂ ਹੈ। ਇਸ ਲਈ 'ਹ' ਦੀ ਵਰਤੋਂ ਸੰਬੰਧੀ ਪੰਜਾਬੀ ਵਿੱਚ ਭੁਲੇਖੇ ਪੈਦਾ ਹੋ ਜਾਂਦੇ ਹਨ।

**ਘ, ਝ, ਢ, ਧ, ਭ (ਨਾਦੀ ਮਹਾਂਪ੍ਰਾਣ ਧੁਨੀਆਂ) ਦੀ ਸਥਿਤੀ**

ਇਨ੍ਹਾਂ ਵਿਅੰਜਨਾਂ ਦਾ ਉਚਾਰਨ ਪੰਜਾਬੀ ਵਿੱਚ ਲੋਪ ਹੋ ਚੁੱਕਾ ਹੈ ਅਤੇ ਇਨ੍ਹਾਂ ਦੀ ਥਾਂ ਸੁਰ ਉਚਾਰੀ ਜਾਂਦੀ ਹੈ। ਸ਼ਬਦ ਦੀਆਂ ਤਿੰਨਾਂ ਹੀ ਸਥਿਤੀਆਂ ਵਿੱਚ ਇਹ ਵਿਅੰਜਨ ਸੁਰ ਦਾ ਸੰਕੇਤ ਦਿੰਦੇ ਹਨ। ਸ਼ਬਦ ਦੀ ਮੁਢਲੀ ਸਥਿਤੀ ਵਿੱਚ ਘ, ਝ, ਢ, ਧ, ਭ ਕ੍ਰਮਵਾਰ ਕ, ਚ, ਟ, ਤ, ਪ ਵਾਂਗ ਉਚਾਰੇ ਜਾਂਦੇ ਹਨ ਅਤੇ ਨੀਵੀਂ ਸੁਰ ਦੀ ਵਰਤੋਂ ਹੁਦੀ ਹੈ। ਜਦੋਂ ਇਹ ਸ਼ਬਦ ਦੀ ਵਿਚਕਾਰਲੀ ਅਤੇ ਅਖ਼ੀਰਲੀ ਸਥਿਤੀ ਵਿੱਚ ਆਉਂਦੇ ਹਨ ਤਾਂ ਇਨ੍ਹਾਂ ਦਾ ਉਚਾਰਨ ਕ੍ਰਮਵਾਰ ਗ, ਜ, ਡ, ਦ, ਬ ਵਾਲ਼ਾ ਹੋ ਜਾਂਦਾ ਹੈ ਅਤੇ ਨਾਲ਼ ਹੀ ਨੀਵੀਂ ਜਾਂ ਉੱਚੀ ਸੁਰ ਉਚਾਰੀ ਜਾਂਦੀ ਹੈ।

**'ਲ' ਅਤੇ 'ਲ਼' ਦੀ ਸਥਿਤੀ**

ਗੁਰਮੁਖੀ ਪੈਂਤੀ ਦੇ 'ਲ' ਅਤੇ 'ਲ਼' ਲਿਪਾਂਕ ਪੰਜਾਬੀ ਦੀਆਂ ਦੋ ਵੱਖਰੀਆਂ-ਵੱਖਰੀਆਂ ਵਿਅੰਜਨ ਧੁਨੀਆਂ ਨੂੰ ਅੰਕਿਤ ਕਰਦੇ ਹਨ। 'ਲ' ਵਰਨ ਪੰਜਾਬੀ ਦੀ ਇੱਕ ਦੰਤੀ ਤੇ ਪਾਸੇਦਾਰ ਧੁਨੀ ਨੂੰ ਅੰਕਿਤ ਕਰਦਾ ਹੈ ਅਤੇ 'ਲ਼' ਉਲਟਜੀਭੀ ਪਾਸੇਦਾਰ ਧੁਨੀ ਨੂੰ ਪ੍ਰਗਟ ਕਰਨ ਲਈ ਵਰਤਿਆ ਜਾਂਦਾ ਹੈ। ਉਲਟਜੀਭੀ 'ਲ਼' ਕਦੇ ਵੀ ਸ਼ਬਦ ਦੇ ਸ਼ੁਰੂ ਵਿੱਚ ਨਹੀਂ ਆਉਂਦਾ। ਇਹ ਹਮੇਸ਼ਾ ਸ਼ਬਦ ਦੀ ਵਿਚਕਾਰਲੀ ਜਾਂ ਅੰਤਿਮ ਸਥਿਤੀ ਵਿੱਚ ਹੀ ਆਉਂਦਾ ਹੈ।

**ਗੁਰਮੁਖੀ ਅੱਖਰ ਕ੍ਰਮ ਦੇ ਬਾਕੀ ਵਰਨ**

ਉਪਰੋਕਤ ਵਰਣਨ ਕੀਤੇ ਲਿਪਾਕਾਂ ਤੋਂ ਇਲਾਵਾ ਪੈਂਤੀ ਦੇ ਬਾਕੀ ਚਿੰਨ੍ਹ ਸ, ਕ, ਖ, ਗ, ਙ, ਚ, ਛ, ਜ, ਞ, ਟ, ਠ, ਡ, ਣ, ਤ, ਥ, ਦ, ਨ, ਪ, ਫ, ਬ, ਮ, ਯ, ਰ, ਵ, ੜ ਪੰਜਾਬੀ ਦੀ ਇੱਕ-ਇੱਕ ਧੁਨੀ ਨੂੰ ਅੰਕਿਤ ਕਰਦੇ ਹਨ। ਪੰਜਾਬੀ ਭਾਸ਼ਾ ਦੇ ਸਮੁੱਚੇ ਬੁਲਾਰੇ ਇਨ੍ਹਾਂ ਦਾ ਉਚਾਰਨ ਕਰ ਸਕਦੇ ਹਨ। ਙ, ਞ ਤੇ ਣ ਦੀ ਵਰਤੋਂ ਸ਼ਬਦ ਦੇ ਮੱਢ ਵਿੱਚ ਨਹੀਂ ਹੁੰਦੀ। ਇਹ ਪੰਜਾਬੀ ਧੁਨੀਆਂ ਵਿਚਕਾਰਲੀ ਜਾਂ ਅਖ਼ੀਰਲੀ ਸਥਿਤੀ ਵਿੱਚ ਹੀ ਉਚਾਰੀਆਂ ਜਾਂਦੀਆਂ ਹਨ। ਉਂਞ ਙ ਤੇ ਞ ਵਿਅੰਜਨਾਂ ਦਾ ਉਚਾਰਨ ਪੰਜਾਬੀ ਵਿੱਚ ਤਕਰੀਬਨ ਲੋਪ ਹੋ ਗਿਆ ਹੈ। 'ੜ' ਵਿਅੰਜਨ ਦਾ ਉਚਾਰਨ ਵੀ 'ਲ਼' ਵਾਂਗ ਸ਼ਬਦ ਦੀ ਮੁਢਲੀ ਸਥਿਤੀ ਵਿੱਚ ਨਹੀਂ ਹੁੰਦਾ, ਸਿਰਫ਼ ਵਿਚਕਾਰ ਅਤੇ ਅਖ਼ੀਰ ਵਿੱਚ ਹੀ ਹਦਾ ਹੈ।

**4. ਪੈਰ ਬਿੰਦੀ ਵਾਲ਼ੇ ਵਰਨ**

ਪੈਂਤੀ ਦੀ ਅੰਤਿਮ ਸਤਰ ਪੈਰ ਬਿੰਦੀ ਵਾਲ਼ੇ ਅੱਖਰਾਂ ਦੀ ਹੈ। ਇਸ ਸਤਰ ਵਿੱਚ ਪੰਜ ਅੱਖਰ ਹਨ। ਇਹ ਅੱਖਰ ਰੂਪ ਪੱਖੋਂ ਭਾਵੇਂ ਅੱਖਰ-ਕ੍ਰਮ ਵਿੱਚ ਪਹਿਲਾਂ ਹੀ ਆ ਚੁੱਕੇ ਹਨ ਪਰ ਇੱਥੇ ਇਨ੍ਹਾਂ ਨੂੰ ਬਿੰਦੀ ਲਗਾ ਕੇ ਵੱਖਰਾ ਕੀਤਾ ਗਿਆ ਹੈ। 'ਸ਼'

ਤੋਂ ਇਲਾਵਾ ਬਾਕੀ ਸਾਰੇ ਚਿੰਨ੍ਹ ਉਰਦੂ-ਫ਼ਾਰਸੀ ਤੋਂ ਉਧਾਰੀਆਂ ਲਈਆਂ ਗਈਆਂ ਧੁਨੀਆਂ ਨੂੰ ਪ੍ਰਗਟ ਕਰਨ ਲਈ ਵਰਤੇ ਜਾਂਦੇ ਹਨ। 'ਸ਼' ਪੰਜਾਬੀ ਦੀ ਇੱਕ ਸੁਤੰਤਰ ਧੁਨੀ ਨੂੰ ਵਿਅਕਤ ਕਰਦਾ ਹੈ ਜਿਹੜੀ ਆਮ ਤੌਰ 'ਤੇ ਸੰਸਕ੍ਰਿਤ ਮੂਲ ਦੇ ਸ਼ਬਦਾਂ ਵਿਚਲੀ 'ਸ਼' ਧੁਨੀ ਲਈ ਵਰਤੀ ਜਾਂਦੀ ਹੈ। ਉਚਾਰਨ ਪੱਖੋਂ ਇਨ੍ਹਾਂ ਧੁਨੀਆਂ ਦੀ ਵਰਤੋਂ ਪੜ੍ਹ-ਲਿਖੇ ਲੋਕ ਹੀ ਕਰਦੇ ਹਨ। ਆਮ ਸਾਧਾਰਨ ਲੋਕ ਇਨ੍ਹਾਂ ਦਾ ਉਚਾਰਨ ਪੈਂਤੀ ਵਿੱਚ ਆਏ ਇਨ੍ਹਾਂ ਦੇ ਪਹਿਲੇ ਰੂਪ ਵਾਲਾ ਹੀ ਕਰਦੇ ਹਨ। ਪਰ ਇਸ ਤਰ੍ਹਾਂ ਦੇ ਉਚਾਰਨ ਨਾਲ਼ ਇੱਕਲੇ 'ਸ਼' ਵਾਲ਼ੇ ਸ਼ਬਦਾਂ ਨੂੰ ਛੱਡ ਕੇ ਬਾਕੀ ਸ਼ਬਦਾਂ ਦੇ ਅਰਥਾਂ ਵਿੱਚ ਕੋਈ ਬਹੁਤਾ ਫ਼ਰਕ ਨਹੀਂ ਪੈਂਦਾ।

**5. ਪੈਰ ਵਿੱਚ ਪੈਣ ਵਾਲ਼ੇ ਵਰਨ**

ਗੁਰਮੁਖੀ ਵਿੱਚ ਤਿੰਨ ਵਰਨਾਂ 'ਹ', 'ਰ' ਅਤੇ 'ਵ' ਦੀ ਵਰਤੋਂ ਦੋ ਤਰ੍ਹਾਂ ਹੁੰਦੀ ਹੈ : ਇੱਕ ਮੂਲ ਰੂਪ ਵਿੱਚ ਅਤੇ ਦੂਜੀ ਪਰਿਵਰਤਿਤ ਜਾਂ ਦੂਜੈਲੇ ਰੂਪ ਵਿੱਚ। ਇਹ ਅੱਖਰ ਪਰਿਵਰਤਿਤ ਰੂਪ ਵਿੱਚ ਅੱਖਰਾਂ ਦੇ ਪੈਰਾਂ ਵਿੱਚ ਅੰਕਿਤ ਕੀਤੇ ਜਾਂਦੇ ਹਨ। ਅੱਖਰਾਂ ਦੇ ਪੈਰਾਂ ਵਿੱਚ /ਹ, ਰ ਤੇ ਵ/ ਦੀ ਵਰਤੋਂ ਪੰਜਾਬੀ ਉਚਾਰਨ ਦੇ ਸੁਭਾਅ ਕਰਕੇ ਨਹੀਂ ਕੀਤੀ ਜਾਂਦੀ ਬਲਕਿ ਇਨ੍ਹਾਂ ਦੀ ਪੈਰ ਵਿੱਚ ਵਰਤੋਂ ਦੀ ਪ੍ਰਵਿਰਤੀ ਪੰਜਾਬੀ ਵਿੱਚ ਆਏ ਬਹੁਤ ਸਾਰੇ ਦੂਸਰੀਆਂ ਭਾਸ਼ਾਵਾਂ ਦੇ ਮੂਲ ਸਰੋਤਾਂ ਕਰਕੇ ਹੈ। ਖ਼ਾਸ ਕਰ ਸੰਸਕ੍ਰਿਤ ਮੂਲ ਦੇ ਸ਼ਬਦਾਂ ਦੀ ਵਰਤੋਂ ਸਮੇਂ 'ਰ' ਅਤੇ 'ਵ' ਨੂੰ ਪੈਰ ਵਿੱਚ ਲਿਖਿਆ ਜਾਂਦਾ ਹੈ। ਪਰੰਤੂ ਵਿਦਵਾਨ ਇਨ੍ਹਾਂ ਦੀ ਵਰਤੋਂ ਪੈਰ ਵਿੱਚ ਕਰਨੀ ਪੰਜਾਬੀ ਉਚਾਰਨ ਸੁਭਾਅ ਦੇ ਪੱਖੋਂ ਸਹੀ ਨਹੀਂ ਮੰਨਦੇ। ਅੱਖਰਾਂ ਦੇ ਪੈਰ ਵਿੱਚ 'ਵ' ਤੇ 'ਰ' ਨੂੰ ਛੋਟੇ ਰੂਪ ਵਿੱਚ ਲਿਖ ਕੇ ਵਿਅੰਜਨ ਗੁੱਛੇ ਸਿਰਜੇ ਜਾਂਦੇ ਹਨ ਜੋ ਪੰਜਾਬੀ ਉਚਾਰਨ ਸੁਭਾਅ ਦੇ ਉਲਟ ਹਨ। ਸ਼ਬਦ ਦੀ ਅਖ਼ੀਰਲੀ ਸਥਿਤੀ ਵਿੱਚ ਅਜਿਹੇ ਵਿਅੰਜਨ ਗੁੱਛੇ ਕਦੇ ਵੀ ਸਵੀਕਾਰ ਨਹੀਂ ਕੀਤੇ ਜਾਂਦੇ ਜਿਵੇਂ ਚਿਤ੍ਰ, ਇੰਦ੍ਰ, ਚੰਦ੍ਰ ਸ਼ਬਦਜੋੜ ਪੰਜਾਬੀ ਵਿੱਚ ਸਵੀਕਾਰ ਨਹੀਂ ਕੀਤੇ ਜਾਂਦੇ। ਇਹਨਾਂ ਦਾ ਪੰਜਾਬੀ ਉਚਾਰਚਨ ਚਿਤਰ, ਚੰਦਰ ਤੇ ਇੰਦਰ ਹੈ। ਇਸੇ ਤਰ੍ਹਾਂ 'ਵ' ਦੀ ਪੈਰ ਵਿੱਚ ਵਰਤੋਂ ਮੁਢਲੀ ਸਥਿਤੀ (ਜਿਵੇਂ ਸ੍ਵੈ) ਨੂੰ ਛੱਡ ਕੇ ਅਸਲੋਂ ਅਵਿਗਿਆਨਿਕ ਹੈ। ਭਾਵੇਂ ਪੰਜਾਬੀ ਵਿੱਚ ਇਨ੍ਹਾਂ ਦੀ ਪੈਰ ਵਿੱਚ ਵਰਤੋਂ ਪ੍ਰਚਲਿਤ ਹੈ ਪਰ ਇਨ੍ਹਾਂ ਦਾ ਪੰਜਾਬੀ ਉਚਾਰਨ ਪੂਰੇ ਵਿਅੰਜਨ ਦਾ ਹੀ ਹੈ। ਜਿੱਥੋਂ ਤੱਕ 'ਹ' ਦੀ ਵਰਤੋਂ ਦਾ ਸੰਬੰਧ ਹੈ ਇਸ ਨੂੰ ਭਾਵੇਂ ਪੂਰਾ ਲਿਖੋ ਜਾਂ ਪੈਰ ਵਿੱਚ ਲਗਾਓ ਇਸ ਨੇ ਸੁਰ ਦਾ ਹੀ ਸੰਕੇਤ ਦੇਣਾ ਹੁੰਦਾ ਹੈ, ਜਿਵੇਂ 'ਪੜ੍ਹ' ਵਿੱਚ ਇਹ ਉੱਚੀ ਸੁਰ ਵਿੱਚ ਉਚਾਰਿਆ ਜਾਂਦਾ ਹੈ ਅਤੇ 'ਪੜ੍ਹਾ' ਵਿੱਚ ਨੀਵੀਂ ਸੁਰ ਵਿੱਚ ਉਚਰਿਤ ਹੁੰਦਾ ਹੈ।

**6. ਸਹਾਇਕ ਚਿੰਨ੍ਹ (ਬਿੰਦੀ, ਟਿੱਪੀ ਤੇ ਅੱਧਕ)**

ਬਿੰਦੀ ਅਤੇ ਟਿੱਪੀ ਪੰਜਾਬੀ ਸ੍ਵਰਾਂ ਦੀ ਨਾਸਿਕਤਾ ਨੂੰ ਪ੍ਰਗਟ ਕਰਨ ਵਾਲ਼ੇ ਗੁਰਮੁਖੀ ਚਿੰਨ੍ਹ ਹਨ। ਪੰਜਾਬੀ ਆਰਥੋਗ੍ਰਾਫ਼ੀ ਵਿੱਚ ਭਾਵੇਂ ਬਿੰਦੀ ਅਤੇ ਟਿੱਪੀ ਦਾ ਭਾਸ਼ਾਈ ਪ੍ਰਕਾਰਜ ਇਕਸਮਾਨ ਹੈ ਪਰੰਤੂ ਲਿਖਣ ਪ੍ਰਣਾਲੀ ਦੀ ਦ੍ਰਿਸ਼ਟੀ ਤੋਂ ਇਨ੍ਹਾਂ ਦੋਹਾਂ ਚਿੰਨ੍ਹਾਂ ਦੀ ਵਰਤੋਂ ਅਲੱਗ-ਅਲੱਗ ਸ੍ਵਰ ਚਿੰਨ੍ਹਾਂ ਨਾਲ਼ ਕੀਤੀ ਜਾਂਦੀ ਹੈ। ਟਿੱਪੀ ਦੀ ਵਰਤੰ ਸਿਹਾਰੀ, ਔਂਕੜ ਤੇ ਮੁਕਤੇ ਨਾਲ਼ ਹੁੰਦੀ ਹੈ ਜਦ ਕਿ ਕੰਨੇ, ਬਿਹਾਰੀ, ਲਾਵਾਂ, ਦੁਲਾਵਾਂ, ਹੋੜੇ ਤੇ ਕਨੌੜੇ ਨਾਲ ਬਿੰਦੀ ਦੀ ਵਰਤੋਂ ਹੁੰਦੀ ਹੈ। ਦੁਲੈਂਕੜ ਜੇ ਕਿਸੇ ਅੱਖਰ ਨਾਲ਼ ਲਿਖੇ ਜਾਣ ਤਾਂ ਟਿੱਪੀ ਦੀ ਵਰਤੋਂ ਕੀਤੀ ਜਾਂਦੀ ਹੈ ਅਤੇ ਜੇ ਸ੍ਵਰ-ਵਾਹਕ ਨਾਲ਼ ਲਿਖੇ ਹੋਣ ਤਾਂ ਬਿੰਦੀ ਦੀ ਵਰਤੋਂ ਕੀਤੀ ਜਾਂਦੀ ਹੈ। ਨਾਸਿਕਤਾ ਤੋਂ ਇਲਾਵਾ ਟਿੱਪੀ ਨੂੰ ਕੁਝ ਥਾਵਾਂ ਉੱਤੇ ਦੁੱਤ-ਉਚਾਰਨ ਅੰਕਿਤ ਕਰਨ ਲਈ ਵੀ ਵਰਤਿਆ ਜਾਂਦਾ ਹੈ। ਜਦੋਂ ਕਿਸੇ ਸ਼ਬਦ ਵਿੱਚ ਨਾਸਿਕੀ ਵਿਅੰਜਨ ਨੂੰ ਦੁੱਤ ਵਿਅੰਜਨ ਦੇ ਤੌਰ 'ਤੇ ਉਚਾਰਿਆ ਜਾਂਦਾ ਹੈ ਤਾਂ ਟਿੱਪੀ ਦੀ ਵਰਤੋਂ ਹੁੰਦੀ ਹੈ। ਦੁੱਤ ਵਿਅੰਜਨਾਂ ਨੂੰ ਗੁਰਮੁਖੀ ਵਿੱਚ ਅੱਧਕ ਨਾਲ਼ ਅੰਕਿਤ ਕੀਤਾ ਜਾਂਦਾ ਹੈ। ਜਿਸ ਵਿਅੰਜਨ ਦਾ ਉਚਾਰਨ ਦੂਹਰਾ ਹੁੰਦਾ ਹੈ ਉਸ ਨੂੰ ਅੰਕਿਤ ਕਰਨ ਵਾਲ਼ੇ ਅੱਖਰ ਦੇ ਉੱਪਰ ਅਗਲੇ ਪਾਸੇ ਅੱਧਕ ਲਿਖੀ ਜਾਂਦੀ ਹੈ

**7. ਅੰਕ-ਲਿਪਾਂਕ**

ਗਿਣਤੀ ਨੂੰ ਪ੍ਰਗਟ ਕਰਨ ਲਈ ਗੁਰਮੁਖੀ ਵਿੱਚ ਆਮ ਤੌਰ 'ਤੇ ਅਰਬੀ ਅੰਕਾਂ (0, 1, 2, 3, 4, 5, 6, 7, 8, 9) ਦੀ ਵਰਤੋਂ ਕੀਤੀ ਜਾਂਦੀ ਹੈ ਪਰੰਤੂ ਗੁਰਮੁਖੀ ਦੇ ਆਪਣੇ ਚਿੰਨ੍ਹ ਹਨ ਜਿਨ੍ਹਾਂ ਨੂੰ ਅੰਕ-ਲਿਪਾਂਕ ਕਿਹਾ ਜਾਂਦਾ ਹੈ। ਗੁਰਮੁਖੀ ਦੇ

ਅੰਕ-ਲਿਪਾਕਾਂ ਦੀ ਬਣਤਰ ਅਰਬੀ ਅੰਕਾਂ ਤੋਂ ਵੱਖਰੀ ਹੈ ਜਿਸ ਤਰ੍ਹਾਂ ੦, ੧, ੨, ੩, ੪, ੫, ੬, ੭, ੮, ੯। ਇਨ੍ਹਾਂ ਦਸ ਅੰਕਾਂ ਤੋਂ ਅੱਗੋਂ ਵੱਡੀਆਂ ਰਕਮਾਂ ਲਿਖੀਆਂ ਜਾ ਸਕਦੀਆਂ ਹਨ।

## ੪. ਵਿਸ਼ਰਾਮ ਚਿੰਨ੍ਹ

ਗੁਰਮੁਖੀ ਲਿਪੀ ਵਿੱਚ ਇੱਕ ਡੰਡੀ (।) ਅਤੇ ਦੋ ਡੰਡੀਆਂ (॥) ਲਿਖਣ ਦੀ ਪਰੰਪਰਾ ਸੀ। ਇਹ ਕਾਵਿ-ਬੰਦਾਂ ਜਾਂ ਤੁਕਾਂ ਦੇ ਅੰਤ ਉੱਤੇ ਲਿਖੀਆਂ ਜਾਂਦੀਆਂ ਸਨ। ਪਰ ਅਜੋਕੀ ਗੁਰਮੁਖੀ ਲਿਖਤ ਵਿੱਚ ਰੋਮਨ ਲਿਖਤ ਵਾਲ਼ੇ ਸਾਰੇ ਵਿਸ਼ਰਾਮ ਚਿੰਨ੍ਹਾਂ ਨੂੰ ਹੀ ਅਪਣਾ ਲਿਆ ਗਿਆ ਹੈ। ਫ਼ਰਕ ਕੇਵਲ ਇਹ ਹੈ ਕਿ ਫੁਲਸਟਾਪ ਦੀ ਥਾਂ ਡੰਡੀ ਹੀ ਵਰਤੀ ਜਾਂਦੀ ਹੈ। ਅੱਜ-ਕੱਲ੍ਹ ਗੁਰਮੁਖੀ ਲਿਖਤ ਵਿੱਚ ਪੂਰਨ-ਵਿਰਾਮ (ਡੰਡੀ, ਵਿਸਮਿਕ ਚਿੰਨ੍ਹ, ਸਵਾਲੀਆ ਨਿਸ਼ਾਨ), ਕਾਮਾ, ਸੈਮੀਕਾਲਨ ਜਾਂ ਬਿੰਦੀ-ਕਾਮਾ (;), ਦੁਬਿੰਦੀ ਜਾਂ ਕਾਲਨ (:) , ਜੋੜਨੀ ਜਾਂ ਡੈਸ਼ (-), ਪੁੱਠੇ ਕਾਮੇ (‘‘’’), ਛੁੱਟ-ਮਰੋੜੀ (’) ਆਦਿ ਦੀ ਵਰਤੋਂ ਹੋ ਰਹੀ ਹੈ।